ਜਾਪੁ ਸਾਹਿਬ

ਸ੍ਰੀ ਵਾਹਿਗੁਰੂ ਜੀ ਕੀ ਫਤਹ[1]

ਜਾਪੁ

ਸ੍ਰੀ ਮੁਖਵਾਕ ਪਾਤਿਸਾਹੀ ੧੦

ਛਪੈ ਛੰਦ। ਤ੍ਵਪ੍ਰਸਾਦਿ[2]

ਚਕ੍ਰ ਚਿਹਨ ਅਰੁ ਬਰਨ ਜਾਤਿ ਅਰੁ ਪਾਤਿ ਨਹਿਨ ਜਿਹ।
ਰੂਪ ਰੰਗ ਅਰੁ ਰੇਖ ਭੇਖ ਕੋਊ ਕਹਿ ਨ ਸਕਤਿ ਕਿਹ।
ਅਚਲ ਮੂਰਤਿ ਅਨਭਵ[3] ਪ੍ਰਕਾਸ ਅਮਿਤੋਜ ਕਹਿਜੈ।
ਕੋਟਿ ਇੰਦ੍ਰ ਇੰਦ੍ਰਾਣਿ ਸਾਹੁ ਸਾਹਾਣਿ ਗਣਿਜੈ।
ਤ੍ਰਿਭਵਣ ਮਹੀਪ ਸੁਰ ਨਰ ਅਸੁਰ ਨੇਤਿ ਨੇਤਿ ਬਨ ਤ੍ਰਿਣ ਕਹਤ।
ਤ੍ਵ ਸਰਬ ਨਾਮ ਕਥੈ ਕਵਨ ਕਰਮ ਨਾਮ ਬਰਣਤ ਸੁਮਤਿ। ੧।

ਭੁਜੰਗ ਪ੍ਰਯਾਤ ਛੰਦ

ਨਵਸਤ੍ਵੰ ਅਕਾਲੇ। ਨਮਸਤ੍ਵੰ ਕ੍ਰਿਪਾਲੇ।
ਨਮਸਤ੍ਵੰ ਅਰੂਪੇ। ਨਮਸਤ੍ਵੰ ਅਨੂਪੇ। ੧। ੨।
ਨਮਸਤੰ ਅਭੇਖੇ। ਨਮਸਤੰ ਅਲੇਖੇ।
ਨਮਸਤੰ ਅਕਾਏ। ਨਮਸਤੰ ਅਜਾਏ। ੨। ੩।
ਨਮਸਤੰ ਅਗੰਜੇ। ਨਮਸਤੰ ਅਭੰਜੇ।
ਨਮਸਤੰ ਅਨਾਮੇ। ਨਮਸਤੰ ਅਠਾਮੇ। ੩। ੪।
ਨਮਸਤੰ ਅਕਰਮੰ। ਨਮਸਤੰ ਅਧਰਮੰ।
ਨਮਸਤੰ ਅਨਾਮੰ। ਨਮਸਤੰ ਅਧਾਮੰ। ੪। ੫।
ਨਮਸਤੰ ਅਜੀਤੇ। ਨਮਸਤੰ ਅਭੀਤੇ।
ਨਮਸਤੰ ਅਬਾਹੇ। ਨਮਸਤੰ ਅਢਾਹੇ। ੫। ੬।
ਨਮਸਤੰ ਅਨੀਲੇ। ਨਮਸਤੰ ਅਨਾਦੇ।
ਨਮਸਤੰ ਅਛੇਦੇ। ਨਮਸਤੰ ਅਗਾਧੇ। ੬। ੭।
ਨਮਸਤੰ ਅਗੰਜੇ। ਨਮਸਤੰ ਅਭੰਜੇ।
ਨਮਸਤੰ ਉਦਾਰੇ। ਨਮਸਤੰ ਅਪਾਰੇ। ੭। ੮।

---

੧. ਕੁਝ ਬੀੜਾਂ ਵਿਚ ਕਿਤੇ ਕਿਤੇ ਇਸ ਮਾਂਗਲਿਕ ਉਕਤੀ ਤੋਂ ਪਹਿਲਾਂ ਜਾਂ ਪਿਛੋਂ '੧ੴ ਸਤਿਗੁਰ ਪ੍ਰਸਾਦਿ' ਸੰਖਿਪਤ ਮੂਲ-ਮੰਤ੍ਰ ਵੀ ਅੰਕਿਤ ਹੈ ੨. ਕਈ ਬੀੜਾਂ ਵਿਚ 'ਛਪੈ ਛੰਦ' ਤ੍ਵਪ੍ਰਸਾਦਿ ਤੋਂ ਬਾਦ ਲਿਖਿਆ ਹੈ ੩. 'ਅਨਭਉ'

ਜਾਪੁ ਸਾਹਿਬ

ਸ੍ਰੀ ਵਾਹਿਗੁਰੂ ਜੀ ਕੀ ਫਤਹਿ

ਜਾਪੁ

ਦਸਮ ਗੁਰੂ ਜੀ ਦੇ ਮੁਖ ਤੋਂ ਉਚਾਰੀ ਹੋਈ

ਛਪੈ ਛੰਦ : ਤੇਰੀ ਕ੍ਰਿਪਾ ਨਾਲ

ਜਿਸ ਦਾ ਕੋਈ ਚਿੰਨ੍ਹ, ਚਕ੍ਰ, ਵਰਨ, ਜਾਤਿ ਅਤੇ ਗੋਤ ਨਹੀਂ ਹੈ ਅਤੇ ਜਿਸ ਦੇ ਰੂਪ, ਰੰਗ, ਰੇਖ, ਭੇਖ ਬਾਰੇ ਕੋਈ ਕੁਝ ਨਹੀਂ ਕਹਿ ਸਕਦਾ (ਕਿ ਉਹ) ਕਿਹੋ ਜਿਹਾ ਹੈ। (ਉਸ ਨੂੰ) ਅਚਲ ਸਰੂਪੀ, ਸੁਤਹ ਗਿਆਨ ਦਾ ਪ੍ਰਕਾਸ਼ਕ ਅਤੇ ਅਮਿਤ ਸ਼ਕਤੀ ਵਾਲਾ ਕਿਹਾ ਜਾਂਦਾ ਹੈ। (ਉਹ ਪਰਮ ਸੱਤਾ) ਕਰੋੜਾਂ ਇੰਦਰਾਂ ਦਾ ਇੰਦਰ ਅਤੇ ਸ਼ਾਹਾਂ ਦਾ ਸ਼ਾਹ ਗਿਣਿਆ ਜਾਂਦਾ ਹੈ। (ਉਸ ਨੂੰ) ਤਿੰਨ ਲੋਕਾਂ (ਸੁਅਰਗ, ਮਾਤ ਅਤੇ ਪਾਤਾਲ) ਦੇ ਰਾਜੇ, ਦੇਵਤੇ, ਮਨੁੱਖ, ਦੈਂਤ ਅਤੇ ਬਨਾਂ ਦੇ ਤਿਨਕੇ ਵੀ ਬੇਅੰਤ ਬੇਅੰਤ ਕਹਿੰਦੇ ਹਨ। (ਹੇ ਪ੍ਰਭੂ!) ਤੇਰੇ ਸਾਰੇ ਨਾਂਵਾਂ ਦਾ ਕਥਨ ਕੌਣ ਕਰ ਸਕਦਾ ਹੈ? (ਬਸ ਤੇਰੇ ਕੁਝ ਕੁ) ਕਰਮਾਚਾਰੀ (ਉਪਕਾਰੀ) ਨਾਂਵਾਂ ਦਾ ਚੰਗੀ ਮਤ ਵਾਲਿਆਂ ਨੇ ਵਰਣਨ ਕੀਤਾ ਹੈ। ੧।

ਭੁਜੰਗ ਪ੍ਰਯਾਤ ਛੰਦ

ਹੇ ਅਕਾਲ ਪੁਰਖ! ਤੈਨੂੰ ਨਮਸਕਾਰ ਹੈ; ਹੇ ਮੇਹਰਾਂ ਦੇ ਦਾਤੇ! ਤੈਨੂੰ ਨਮਸਕਾਰ ਹੈ; ਹੇ ਰੂਪ-ਰਹਿਤ! ਤੈਨੂੰ ਨਮਸਕਾਰ ਹੈ; ਹੇ ਉਪਮਾ-ਰਹਿਤ! ਤੈਨੂੰ ਨਮਸਕਾਰ ਹੈ। ੨। ਹੇ ਭੇਖ-ਰਹਿਤ! ਤੈਨੂੰ ਨਮਸਕਾਰ ਹੈ; ਹੇ ਲਿਖੇ ਨ ਜਾ ਸਕਣ ਵਾਲੇ! ਤੈਨੂੰ ਨਮਸਕਾਰ ਹੈ; ਹੇ ਕਾਇਆ-ਰਹਿਤ! ਤੈਨੂੰ ਨਮਸਕਾਰ ਹੈ; ਹੇ ਅਜਨਮੇ! ਤੈਨੂੰ ਨਮਸਕਾਰ ਹੈ। ੩। ਹੇ ਨਸ਼ਟ ਨ ਹੋ ਸਕਣ ਵਾਲੇ! ਤੈਨੂੰ ਨਮਸਕਾਰ ਹੈ; ਹੇ ਨ ਭੰਨੇ ਜਾ ਸਕਣ ਵਾਲੇ! ਤੈਨੂੰ ਨਮਸਕਾਰ ਹੈ; ਹੇ ਨਾਮ-ਰਹਿਤ! ਤੈਨੂੰ ਨਮਸਕਾਰ ਹੈ; ਹੇ ਸਥਾਨ-ਰਹਿਤ! ਤੈਨੂੰ ਨਮਸਕਾਰ ਹੈ। ੪। ਹੇ ਕਰਮ-ਅਤੀਤ! ਤੈਨੂੰ ਨਮਸਕਾਰ ਹੈ; ਹੇ ਧਰਮ-ਅਤੀਤ! ਤੈਨੂੰ ਨਮਸਕਾਰ ਹੈ; ਹੇ ਨਾਮ-ਰਹਿਤ! ਤੈਨੂੰ ਨਮਸਕਾਰ ਹੈ; ਹੇ ਧਾਮ-ਰਹਿਤ! ਤੈਨੂੰ ਨਮਸਕਾਰ ਹੈ। ੫। ਹੇ ਨ ਜਿਤੇ ਜਾ ਸਕਣ ਵਾਲੇ! ਤੈਨੂੰ ਨਮਸਕਾਰ ਹੈ; ਹੇ ਨ ਡਰਾਏ ਜਾ ਸਕਣ ਵਾਲੇ! ਤੈਨੂੰ ਨਮਸਕਾਰ ਹੈ; ਹੇ ਨ ਚਲਾਏ ਜਾ ਸਕਣ ਵਾਲੇ! ਤੈਨੂੰ ਨਮਸਕਾਰ ਹੈ; ਹੇ ਨ ਢਾਹੇ ਜਾ ਸਕਣ ਵਾਲੇ! ਤੈਨੂੰ ਨਮਸਕਾਰ ਹੈ।੬। ਹੇ ਬਿਨਾ ਰੰਗ ਵਾਲੇ (ਉਜਲੇ)! ਤੈਨੂੰ ਨਮਸਕਾਰ ਹੈ; ਹੇ ਬਿਨਾ ਆਦਿ (ਮੁੱਢ) ਵਾਲੇ! ਤੈਨੂੰ ਨਮਸਕਾਰ ਹੈ; ਹੇ ਨ ਛੇਦੇ ਜਾ ਸਕਣ ਵਾਲੇ! ਤੈਨੂੰ ਨਮਸਕਾਰ ਹੈ; ਹੇ ਨ ਥਾਹ ਪਾਏ ਜਾ ਸਕਣ ਵਾਲੇ! ਤੈਨੂੰ ਨਮਸਕਾਰ ਹੈ।੭। ਹੇ ਨ ਨਾਸ਼ ਕੀਤੇ ਜਾ ਸਕਣ ਵਾਲੇ (ਅਵਿਨਾਸ਼ੀ)! ਤੈਨੂੰ ਨਮਸਕਾਰ ਹੈ; ਹੇ ਨ ਤੋੜੇ ਜਾ ਸਕਣ ਵਾਲੇ (ਅਖੰਡ ਸਰੂਪ)! ਤੈਨੂੰ ਨਮਸਕਾਰ ਹੈ; ਹੇ ਉਦਾਰ ਸੁਭਾ ਵਾਲੇ! ਤੈਨੂੰ ਨਮਸਕਾਰ ਹੈ; ਹੇ ਅਪਰ-ਅਪਾਰ! ਤੈਨੂੰ ਨਮਸਕਾਰ ਹੈ।੮।

ਨਮਸਤੰ ਸੁ ਏਕੈ। ਨਮਸਤੰ ਅਨੇਕੈ।
ਨਮਸਤੰ ਅਭੂਤੇ। ਨਮਸਤੰ ਅਜੂਪੇ। ੮। ੯।
ਨਮਸਤੰ ਨ੍ਰਿਕਰਮੇ। ਨਮਸਤੰ ਨ੍ਰਿਭਰਮੇ।
ਨਮਸਤੰ ਨ੍ਰਿਦੇਸੇ। ਨਮਸਤੰ ਨ੍ਰਿਭੇਸੇ। ੯। ੧੦।
ਨਮਸਤੰ ਨ੍ਰਿਨਾਮੇ। ਨਮਸਤੰ ਨ੍ਰਿਕਾਮੇ।
ਨਮਸਤੰ ਨ੍ਰਿਧਾਤੇ। ਨਮਸਤੰ ਨਿਘਾਤੇ। ੧੦। ੧੧।

ਨਮਸਤੰ ਨ੍ਰਿਧੂਤੇ। ਨਮਸਤੰ ਅਭੂਤੇ।
ਨਮਸਤੰ ਅਲੋਕੇ। ਨਮਸਤੰ ਅਸੋਕੇ। ੧੧। ੧੨।
ਨਮਸਤੰ ਨ੍ਰਿਤਾਪੇ। ਨਮਸਤੰ ਅਥਾਪੇ।
ਨਮਸਤੰ ਤ੍ਰਿਮਾਨੇ। ਨਮਸਤੰ ਨਿਧਾਨੇ। ੧੨। ੧੩।
ਨਮਸਤੰ ਅਗਾਹੇ। ਨਮਸਤੰ ਅਬਾਹੇ।
ਨਮਸਤੰ ਤ੍ਰਿਬਰਗੇ। ਨਮਸਤੰ ਅਸਰਗੇ। ੧੩। ੧੪।
ਨਮਸਤੰ ਪ੍ਰਭੋਗੇ। ਨਮਸਤੰ ਸੁਜੋਗੇ।
ਨਮਸਤੰ ਅਰੰਗੇ। ਨਮਸਤੰ ਅਭੰਗੇ। ੧੪। ੧੫।

ਨਮਸਤੰ ਅਗੰਮੇ। ਨਮਸਤਸਤੁ ਰੰਮੇ।
ਨਮਸਤੰ ਜਲਾਸਰੇ। ਨਮਸਤੰ ਨਿਰਾਸਰੇ। ੧੫। ੧੬।
ਨਮਸਤੰ ਅਜਾਤੇ। ਨਮਸਤੰ ਅਪਾਤੇ।
ਨਮਸਤੰ ਅਮਜਬੇ। ਨਮਸਤਸਤੁ ਅਜਬੇ। ੧੬। ੧੭।
ਅਦੇਸੰ ਅਦੇਸੇ। ਨਮਸਤੰ ਅਭੇਸੇ।
ਨਮਸਤੰ ਨ੍ਰਿਧਾਮੇ। ਨਮਸਤੰ ਨ੍ਰਿਬਾਮੇ। ੧੭। ੧੮।

ਨਮੋ ਸਰਬ ਕਾਲੇ। ਨਮੋ ਸਰਬ ਦਿਆਲੇ।
ਨਮੋ ਸਰਬ ਰੂਪੇ। ਨਮੋ ਸਰਬ ਭੂਪੇ। ੧੮। ੧੯।
ਨਮੋ ਸਰਬ ਖਾਪੇ। ਨਮੋ ਸਰਬ ਥਾਪੇ।
ਨਮੋ ਸਰਬ ਕਾਲੇ। ਨਮੋ ਸਰਬ ਪਾਲੇ। ੧੯। ੨੦।
ਨਮਸਤਸਤੁ ਦੇਵੈ। ਨਮਸਤੰ ਅਭੇਵੇ।
ਨਮਸਤੰ ਅਜਨਮੇ। ਨਮਸਤੰ ਸੁਬਨਮੇ। ੨੦। ੨੧।

ਹੇ ਇਕੋ ਇਕ ਰੂਪ ਵਾਲੇ! ਤੈਨੂੰ ਨਮਸਕਾਰ ਹੈ; ਹੇ ਅਨੇਕ ਰੂਪ ਵਾਲੇ! ਤੈਨੂੰ ਨਮਸਕਾਰ ਹੈ; ਹੇ ਭੂਤਾਂ (ਪੰਜ ਤੱਤ੍ਵਾਂ--- ਜਲ, ਧਰਤੀ, ਆਕਾਸ਼, ਵਾਯੂ ਅਤੇ ਅਗਨੀ) ਤੋਂ ਰਹਿਤ! ਤੈਨੂੰ ਨਮਸਕਾਰ ਹੈ; ਹੇ ਬੰਧਨ ਤੋਂ ਰਹਿਤ! ਤੈਨੂੰ ਨਮਸਕਾਰ ਹੈ।੯। ਹੇ ਕਰਮ-ਕਾਂਡਾਂ ਤੋਂ ਰਹਿਤ! ਤੈਨੂੰ ਨਮਸਕਾਰ ਹੈ; ਹੇ ਭਰਮਾਂ ਤੋਂ ਰਹਿਤ! ਤੈਨੂੰ ਨਮਸਕਾਰ ਹੈ; ਹੇ ਬਿਨਾ ਕਿਸੇ ਖ਼ਾਸ ਦੇਸ਼ ਵਾਲੇ! ਤੈਨੂੰ ਨਮਸਕਾਰ ਹੈ; ਹੇ ਬਿਨਾ ਕਿਸੇ ਖ਼ਾਸ ਭੇਸ ਵਾਲੇ! ਤੈਨੂੰ ਨਮਸਕਾਰ ਹੈ।੧੦। ਹੇ ਨਾਮ-ਰਹਿਤ! ਤੈਨੂੰ ਨਮਸਕਾਰ ਹੈ; ਹੇ ਕਾਮਨਾ-ਰਹਿਤ! ਤੈਨੂੰ ਨਮਸਕਾਰ ਹੈ; ਹੇ ਤੱਤ੍ਵਾਂ ਤੋਂ ਰਹਿਤ! ਤੈਨੂੰ ਨਮਸਕਾਰ ਹੈ; ਹੇ ਘਾਤ (ਮਾਰੇ ਜਾਣ) ਤੋਂ ਰਹਿਤ! ਤੈਨੂੰ ਨਮਸਕਾਰ ਹੈ।੧੧।

ਹੇ ਨ ਹਿਲਾਏ ਜਾ ਸਕਣ ਵਾਲੇ (ਅਚਲ ਸਰੂਪ)! ਤੈਨੂੰ ਨਮਸਕਾਰ ਹੈ; ਹੇ ਪੰਜ ਤੱਤ੍ਵਾਂ ਤੋਂ ਨ ਬਣਨ ਵਾਲੇ! ਤੈਨੂੰ ਨਮਸਕਾਰ ਹੈ; ਹੇ ਨ ਵੇਖੇ ਜਾ ਸਕਣ ਵਾਲੇ! ਤੈਨੂੰ ਨਮਸਕਾਰ ਹੈ; ਹੇ ਸੋਗੀ ਨ ਹੋ ਸਕਣ ਵਾਲੇ! ਤੈਨੂੰ ਨਮਸਕਾਰ ਹੈ।੧੨। ਹੇ ਸੰਤਾਪ-ਰਹਿਤ! ਤੈਨੂੰ ਨਮਸਕਾਰ ਹੈ; ਹੇ ਸਥਾਪਨਾ-ਰਹਿਤ! ਤੈਨੂੰ ਨਮਸਕਾਰ ਹੈ; ਹੇ ਤਿੰਨਾਂ ਕਾਲਾਂ (ਅਥਵਾ ਤਿੰਨਾਂ ਲੋਕਾਂ) ਵਿਚ ਮੰਨੇ ਜਾਣ ਵਾਲੇ! ਤੈਨੂੰ ਨਮਸਕਾਰ ਹੈ; ਹੇ (ਸਭ ਦੇ) ਭੰਡਾਰ ਸਰੂਪ! ਤੈਨੂੰ ਨਮਸਕਾਰ ਹੈ।੧੩। ਹੇ ਨ ਪਕੜੇ ਜਾ ਸਕਣ ਵਾਲੇ! ਤੈਨੂੰ ਨਮਸਕਾਰ ਹੈ; ਹੇ ਨ ਚਲਾਏ ਜਾ ਸਕਣ ਵਾਲੇ! ਤੈਨੂੰ ਨਮਸਕਾਰ ਹੈ; ਹੇ ਤਿੰਨ ਵਰਗਾਂ (ਧਰਮ, ਅਰਥ ਅਤੇ ਕਾਮ) ਤੋਂ ਰਹਿਤ! ਤੈਨੂੰ ਨਮਸਕਾਰ ਹੈ; ਹੇ ਉਤਪੱਤੀ (ਸਰਗ) ਤੋਂ ਰਹਿਤ! ਤੈਨੂੰ ਨਮਸਕਾਰ ਹੈ।੧੪। ਹੇ ਉਤਮ ਫਲ (ਭੋਗ-ਸਾਮਗ੍ਰੀ) ਦੇਣ ਵਾਲੇ! ਤੈਨੂੰ ਨਮਸਕਾਰ ਹੈ; ਹੇ ਸਾਰੀਆਂ ਯੋਗਤਾਵਾਂ ਵਾਲੇ! ਤੈਨੂੰ ਨਮਸਕਾਰ ਹੈ; ਹੇ ਰੰਗ (ਵਰਣ) ਰਹਿਤ! ਤੈਨੂੰ ਨਮਸਕਾਰ ਹੈ; ਹੇ ਅਟੁੱਟ! ਤੈਨੂੰ ਨਮਸਕਾਰ ਹੈ।੧੫।

ਹੇ ਪਹੁੰਚ ਤੋਂ ਪਰੇ! ਤੈਨੂੰ ਨਮਸਕਾਰ ਹੈ; ਹੇ ਸੁੰਦਰ ਸਰੂਪ ਵਾਲੇ! ਤੈਨੂੰ ਨਮਸਕਾਰ ਹੈ; ਹੇ ਜਲ-ਆਸ਼ੇ (ਸਮੁੰਦਰ)! ਤੈਨੂੰ ਨਮਸਕਾਰ ਹੈ; ਹੇ ਬਿਨਾ ਆਸਰੇ ਵਾਲੇ! ਤੈਨੂੰ ਨਮਸਕਾਰ ਹੈ।੧੬। ਹੇ ਜਾਤੀ-ਰਹਿਤ! ਤੈਨੂੰ ਨਮਸਕਾਰ ਹੈ; ਹੇ ਗੋਤ-ਬਰਾਦਰੀ (ਪਾਂਤੀ) ਰਹਿਤ! ਤੈਨੂੰ ਨਮਸਕਾਰ ਹੈ; ਹੇ ਮਜ਼੍ਹਬ ਤੋਂ ਰਹਿਤ! ਤੈਨੂੰ ਨਮਸਕਾਰ ਹੈ; ਹੇ ਅਜਬ ਸਰੂਪ ਵਾਲੇ! ਤੈਨੂੰ ਨਮਸਕਾਰ ਹੈ।੧੭। ਹੇ ਦੇਸ-ਰਹਿਤ (ਸਰਬ-ਵਿਆਪੀ)! ਤੈਨੂੰ ਨਮਸਕਾਰ ਹੈ; ਹੇ ਭੇਸ-ਰਹਿਤ! ਤੈਨੂੰ ਨਮਸਕਾਰ ਹੈ; ਹੇ ਧਾਮ (ਠਿਕਾਣਾ) ਰਹਿਤ! ਤੈਨੂੰ ਨਮਸਕਾਰ ਹੈ; ਹੇ ਮਾਇਆ (ਬਾਮ) ਰਹਿਤ! ਤੈਨੂੰ ਨਮਸਕਾਰ ਹੈ।੧੮।

ਹੇ ਸਾਰਿਆਂ ਦੇ ਕਾਲ-ਸਰੂਪ! ਤੈਨੂੰ ਨਮਸਕਾਰ ਹੈ; ਹੇ ਸਾਰਿਆਂ ਉਤੇ ਦਿਆਲੂ! (ਤੈਨੂੰ) ਨਮਸਕਾਰ ਹੈ; ਹੇ ਸਾਰਿਆਂ ਰੂਪਾਂ ਵਾਲੇ! (ਤੈਨੂੰ) ਨਮਸਕਾਰ ਹੈ; ਹੇ ਸਾਰਿਆਂ ਦੇ ਰਾਜੇ (ਭੂਪ)! (ਤੈਨੂੰ) ਨਮਸਕਾਰ ਹੈ।੧੯। ਹੇ ਸਾਰਿਆਂ ਨੂੰ ਖਪਾਉਣ ਵਾਲੇ! (ਤੈਨੂੰ) ਨਮਸਕਾਰ ਹੈ; ਹੇ ਸਾਰਿਆਂ ਨੂੰ ਸਥਾਪਿਤ ਕਰਨ ਵਾਲੇ! (ਤੈਨੂੰ) ਨਮਸਕਾਰ ਹੈ; ਹੇ ਸਾਰਿਆਂ ਦੇ ਕਾਲ-ਰੂਪ! (ਤੈਨੂੰ) ਨਮਸਕਾਰ ਹੈ; ਹੇ ਸਾਰਿਆਂ ਦੇ ਪਾਲਕ! (ਤੈਨੂੰ) ਨਮਸਕਾਰ ਹੈ।੨੦। ਹੇ (ਕਰਮ-ਫਲ) ਦੇਣ ਵਾਲੇ! ਤੈਨੂੰ ਨਮਸਕਾਰ ਹੈ; ਹੇ ਭੇਦ-ਰਹਿਤ! ਤੈਨੂੰ ਨਮਸਕਾਰ ਹੈ; ਹੇ ਜਨਮ-ਰਹਿਤ! ਤੈਨੂੰ ਨਮਸਕਾਰ ਹੈ; ਹੇ ਜਨਮ-ਸਹਿਤ! (ਸੰਤਾਨ ਅਥਵਾ ਪੁੱਤਰ ਰੂਪ ਵਿਚ ਪੈਦਾ ਹੋਣ ਵਾਲੇ-'ਸੁਵਨਮਯ') ਤੈਨੂੰ ਨਮਸਕਾਰ ਹੈ।੨੧।

ਨਮੋ ਸਰਬ ਗਉਨੇ। ਨਮੋ ਸਰਬ ਭਉਨੇ।
ਨਮੋ ਸਰਬ ਰੰਗੇ। ਨਮੋ ਸਰਬ ਭੰਗੇ। ੨੧। ੨੨।
ਨਮੋ ਕਾਲੇ ਕਾਲੇ। ਨਮਸਤਸਤੁ ਦਿਆਲੇ।
ਨਮਸਤੰ ਅਬਰਨੇ। ਨਮਸਤੰ ਅਮਰਨੇ। ੨੨। ੨੩।

ਨਮਸਤੰ ਜਰਾਰੰ। ਨਮਸਤੰ ਕ੍ਰਿਤਾਰੰ।
ਨਮੋ ਸਰਬ ਧੰਧੇ। ਨਮੋ ਸਤ ਅਬੰਧੇ। ੨੩। ੨੪।

ਨਮਸਤੰ ਨ੍ਰਿਸਾਕੇ। ਨਮਸਤੰ ਨ੍ਰਿਬਾਕੇ।
ਨਮਸਤੰ ਰਹੀਮੇ। ਨਮਸਤੰ ਕਰੀਮੇ। ੨੪। ੨੫।
ਨਮਸਤੰ ਅਨੰਤੇ। ਨਮਸਤੰ ਮਹੰਤੇ।
ਨਮਸਤਸਤੁ ਰਾਗੇ। ਨਮਸਤੰ ਸੁਹਾਗੇ। ੨੫। ੨੬।

ਨਮੋ ਸਰਬ ਸੋਖੰ। ਨਮੋ ਸਰਬ ਪੋਖੰ।
ਨਮੋ ਸਰਬ ਕਰਤਾ। ਨਮੋ ਸਰਬ ਹਰਤਾ। ੨੬। ੨੭।
ਨਮੋ ਜੋਗ ਜੋਗੇ। ਨਮੋ ਭੋਗ ਭੋਗੇ।
ਨਮੋ ਸਰਬ ਦਿਆਲੇ। ਨਮੋ ਸਰਬ ਪਾਲੇ। ੨੭। ੨੮।

ਚਾਚਰੀ ਛੰਦ। ਤ੍ਵਪ੍ਰਸਾਦਿ

ਅਰੂਪ ਹੈਂ। ਅਨੂਪ ਹੈਂ। ਅਜੂ ਹੈਂ। ਅਭੂ ਹੈਂ। ੧। ੨੯।
ਅਲੇਖ ਹੈਂ। ਅਭੇਖ ਹੈਂ। ਅਨਾਮ ਹੈਂ। ਅਕਾਮ ਹੈਂ। ੨। ੩੦।
ਅਧੇ ਹੈਂ। ਅਭੇ ਹੈਂ। ਅਜੀਤ ਹੈਂ। ਅਭੀਤ ਹੈਂ। ੩। ੩੧।
ਤ੍ਰਿਮਾਨ ਹੈਂ। ਨਿਧਾਨ ਹੈਂ। ਤ੍ਰਿਬਰਗ ਹੈਂ। ਅਸਰਗ ਹੈਂ। ੪। ੩੨।
ਅਨੀਲ ਹੈਂ। ਅਨਾਦਿ ਹੈਂ। ਅਜੇ ਹੈਂ। ਅਜਾਦਿ ਹੈਂ। ੫। ੩੩।

ਅਜਨਮ ਹੈਂ। ਅਬਰਨ ਹੈਂ। ਅਭੂਤ ਹੈਂ। ਅਭਰਨ ਹੈਂ। ੬। ੩੪।
ਅਗੰਜ ਹੈਂ। ਅਭੰਜ ਹੈਂ। ਅਝੂਝ ਹੈਂ। ਅਝੰਝ ਹੈਂ। ੭। ੩੫।
ਅਮੀਕ ਹੈਂ। ਰਫੀਕ ਹੈਂ। ਅਧੰਧ ਹੈਂ। ਅਬੰਧ ਹੈਂ। ੮। ੩੬।
ਨ੍ਰਿਬੂਝ ਹੈਂ। ਅਸੂਝ ਹੈਂ। ਅਕਾਲ ਹੈਂ। ਅਜਾਲ ਹੈਂ। ੯। ੩੭।
ਅਲਾਹ ਹੈਂ। ਅਜਾਹ ਹੈਂ। ਅਨੰਤ ਹੈਂ। ਮਹੰਤ ਹੈਂ। ੧੦। ੩੮।

ਹੇ ਸਾਰਿਆਂ ਸਥਾਨਾਂ ਉਤੇ ਗਵਨ ਕਰਨ ਵਾਲੇ! (ਤੈਨੂੰ) ਨਮਸਕਾਰ ਹੈ; ਹੇ ਸਾਰਿਆਂ ਭੁਵਨਾਂ (ਲੋਕਾਂ) ਵਿਚ ਵਿਆਪਕ ਹੋਣ ਵਾਲੇ! (ਤੈਨੂੰ) ਨਮਸਕਾਰ ਹੈ; ਹੇ ਸਾਰਿਆਂ ਰੰਗਾਂ ਵਾਲੇ! (ਤੈਨੂੰ) ਨਮਸਕਾਰ ਹੈ; ਹੇ ਸਾਰਿਆਂ ਨੂੰ ਲਯ (ਨਸ਼ਟ) ਕਰਨ ਵਾਲੇ! (ਤੈਨੂੰ) ਨਮਸਕਾਰ ਹੈ।੨੨। ਹੇ ਕਾਲ ਦੇ ਵੀ ਕਾਲ! (ਤੈਨੂੰ) ਨਮਸਕਾਰ ਹੈ; ਹੇ ਸਭ ਉਤੇ ਦਇਆ ਕਰਨ ਵਾਲੇ! ਤੈਨੂੰ ਨਮਸਕਾਰ ਹੈ; ਹੇ ਵਰਣਨ ਤੋਂ ਪਰੇ (ਅਕਥਨੀ)! ਤੈਨੂੰ ਨਮਸਕਾਰ ਹੈ; ਹੇ ਮਰਨ ਤੋਂ ਪਰੇ (ਅਮਰ)! ਤੈਨੂੰ ਨਮਸਕਾਰ ਹੈ।੨੩।

ਹੇ ਬੁਢਾਪੇ ਦੇ ਵੈਰੀ (ਬੁਢਾਪੇ ਤੋਂ ਮੁਕਤ)! ਤੈਨੂੰ ਨਮਸਕਾਰ ਹੈ; ਹੇ ਕ੍ਰਿਤ ਕਰਮਾਂ ਦੇ ਵੈਰੀ (ਕਰਮ-ਨਾਸ਼ਕ)! ਤੈਨੂੰ ਨਮਸਕਾਰ ਹੈ; ਹੇ ਸਾਰਿਆਂ ਧੰਧਿਆਂ ਦੇ ਪ੍ਰੇਰਕ! (ਤੈਨੂੰ) ਨਮਸਕਾਰ ਹੈ; ਹੇ ਬੰਧਨਾਂ ਤੋਂ ਮੁਕਤ! ਤੈਨੂੰ ਨਮਸਕਾਰ ਹੈ।੨੪।

ਹੇ ਸਾਕਾਂ-ਸੰਬੰਧਾਂ ਤੋਂ ਰਹਿਤ! ਤੈਨੂੰ ਨਮਸਕਾਰ ਹੈ; ਹੇ ਡਰ ('ਬਾਕ') ਤੋਂ ਰਹਿਤ! ਤੈਨੂੰ ਨਮਸਕਾਰ ਹੈ; ਹੇ ਰਹਿਮ (ਦਇਆ) ਕਰਨ ਵਾਲੇ! ਤੈਨੂੰ ਨਮਸਕਾਰ ਹੈ; ਹੇ ਬਖ਼ਸ਼ਿਸ਼ (ਕਰਮ) ਕਰਨ ਵਾਲੇ! ਤੈਨੂੰ ਨਮਸਕਾਰ ਹੈ।੨੫। ਹੇ ਅਨੰਤ ਰੂਪ ਵਾਲੇ! ਤੈਨੂੰ ਨਮਸਕਾਰ ਹੈ; ਹੇ ਮਹਾਨ ਰੂਪ ਵਾਲੇ! ਤੈਨੂੰ ਨਮਸਕਾਰ ਹੈ; ਹੇ ਪ੍ਰੇਮ (ਰਾਗ) ਸਰੂਪ! ਤੈਨੂੰ ਨਮਸਕਾਰ ਹੈ; ਹੇ ਚੰਗੇ ਭਾਗਾਂ ਵਾਲੇ! ਤੈਨੂੰ ਨਮਸਕਾਰ ਹੈ।੨੬।

ਹੇ ਸਭ ਨੂੰ ਸੁਕਾਉਣ (ਨਸ਼ਟ ਕਰਨ) ਵਾਲੇ! ਤੈਨੂੰ ਨਮਸਕਾਰ ਹੈ; ਹੇ ਸਭ ਦਾ ਪਾਲਨ (ਪੋਸ਼ਣ) ਕਰਨ ਵਾਲੇ! (ਤੈਨੂੰ) ਨਮਸਕਾਰ ਹੈ; ਹੇ ਸਭ ਦੇ ਸਿਰਜਨਹਾਰ! (ਤੈਨੂੰ) ਨਮਸਕਾਰ ਹੈ; ਹੇ ਸਭ ਨੂੰ ਖ਼ਤਮ (ਹਰਨ) ਕਰਨ ਵਾਲੇ! (ਤੈਨੂੰ) ਨਮਸਕਾਰ ਹੈ।੨੭। ਹੇ ਜੋਗਾਂ ਦੇ ਵੀ ਜੋਗ! (ਤੈਨੂੰ)ਨਮਸਕਾਰ ਹੈ; ਹੇ ਭੋਗਾਂ ਦੇ ਵੀ ਭੋਗ! (ਤੈਨੂੰ) ਨਮਸਕਾਰ ਹੈ; ਹੇ ਸਾਰਿਆਂ ਉਤੇ ਦਇਆ ਕਰਨ ਵਾਲੇ! (ਤੈਨੂੰ) ਨਮਸਕਾਰ ਹੈ; ਹੇ ਸਾਰਿਆਂ ਦੀ ਪਾਲਣਾ ਕਰਨ ਵਾਲੇ! (ਤੈਨੂੰ) ਨਮਸਕਾਰ ਹੈ।੨੮।

ਚਾਚਰੀ ਛੰਦ। ਤੇਰੀ ਕ੍ਰਿਪਾ ਨਾਲ

(ਹੇ ਪ੍ਰਭੂ! ਤੂੰ) ਰੂਪ ਤੋਂ ਰਹਿਤ ਹੈਂ, ਉਪਮਾ ਤੋਂ ਰਹਿਤ ਹੈਂ, ਜਨਮ ਤੋਂ ਰਹਿਤ ਹੈਂ, (ਪੰਜ) ਭੂਤਾਂ ਤੋਂ ਰਹਿਤ ਹੈਂ।੨੯। (ਤੂੰ) ਲੇਖ-ਰਹਿਤ ਹੈਂ, ਭੇਖ-ਰਹਿਤ ਹੈਂ, ਨਾਮ-ਰਹਿਤ ਹੈਂ, ਕਾਮਨਾ-ਰਹਿਤ ਹੈਂ।੩੦। (ਤੂੰ) ਧਿਆਨ-ਰਹਿਤ ਹੈਂ, ਭੇਦ-ਰਹਿਤ ਹੈਂ, ਅਜਿਤ ਹੈਂ, ਅਭੈ ਹੈਂ।੩੧। (ਤੂੰ) ਤਿੰਨਾਂ ਲੋਕਾਂ ਵਿਚ ਮੰਨਣਯੋਗ ਹੈਂ, (ਸਭ ਦਾ) ਖ਼ਜ਼ਾਨਾ ਹੈਂ, ਤਿੰਨ ਵਰਗਾਂ (ਧਰਮ, ਅਰਥ ਅਤੇ ਕਾਮ ਜਾਂ ਦੇਵਤਾ, ਦੈਂਤ ਅਤੇ ਮਨੁੱਖ) ਤੋਂ ਰਹਿਤ ਹੈਂ, ਉਤਪਤੀ (ਸਰਗ)- ਰਹਿਤ ਹੈਂ।੩੨। (ਤੂੰ) ਰੰਗ-ਰਹਿਤ (ਅਥਵਾ ਸੰਖਿਆ ਰਹਿਤ) ਹੈਂ, ਆਦਿ-ਰਹਿਤ ਹੈਂ, ਅਜਿਤ ਹੈਂ, ਬ੍ਰਹਮਾ (ਅਜ) ਤੋਂ ਵੀ ਪਹਿਲਾਂ ਦਾ ਹੈਂ।੩੩।

(ਤੂੰ) ਜਨਮ-ਰਹਿਤ ਹੈਂ, ਰੰਗ (ਵਰਨ)-ਰਹਿਤ ਹੈਂ, ਤੱਤ੍ਵ (ਭੂਤ)-ਰਹਿਤ ਹੈਂ, ਪੋਸ਼ਣ (ਭਰਨ)-ਰਹਿਤ ਹੈਂ।੩੪। (ਤੂੰ) ਨਾਸ਼-ਰਹਿਤ ਹੈਂ, ਅਟੁੱਟ ਹੈਂ, ਨਿਰਦੁਅੰਦ (ਝਗੜੇ ਤੋਂ ਮੁਕਤ) ਹੈਂ, ਅਡੋਲ ਹੈਂ।੩੫। (ਤੂੰ) ਅਥਾਹ (ਅਮੀਕ) ਹੈਂ, (ਸਭਨਾਂ ਦਾ) ਸਾਥੀ ਹੈਂ, ਧੰਧਿਆਂ ਤੋਂ ਰਹਿਤ ਹੈਂ, ਬੰਧਨ ਤੋਂ ਰਹਿਤ ਹੈਂ।੩੬। (ਤੂੰ) ਨਿਰਬੂਝ (ਬੁਝੇ ਜਾਣ ਤੋਂ ਪਰੇ) ਹੈਂ, ਅਸੂਝ (ਸਮਝੇ ਜਾਣ ਤੋਂ ਪਰੇ) ਹੈਂ, ਕਾਲ-ਰਹਿਤ ਹੈ, ਮਾਇਆ-ਜਾਲ ਤੋਂ ਮੁਕਤ ਹੈਂ।੩੭। (ਤੂੰ) ਲਾਭ (ਲਾਹ) ਪ੍ਰਾਪਤ ਕਰਨ ਤੋਂ ਮੁਕਤ ਹੈਂ, ਬਿਨਾ ਕਿਸੇ ਸਥਾਨ ਦੇ ਹੈਂ, ਅੰਤ-ਰਹਿਤ ਹੈਂ, ਮਹਾਨਤਾ ਵਾਲਾ ਹੈਂ।੩੮।

ਅਲੀਕ ਹੈਂ। ਨ੍ਰਿਸਰੀਕ ਹੈਂ। ਨ੍ਰਿਲੰਭ ਹੈਂ। ਅਸੰਭ ਹੈਂ। ੧੧। ੩੯।
ਅਗੰਮ ਹੈਂ। ਅਜੰਮ ਹੈਂ। ਅਭੂਤ ਹੈਂ। ਅਛੂਤ ਹੈਂ। ੧੨। ੪੦।
ਅਲੋਕ ਹੈਂ। ਅਸੋਕ ਹੈਂ। ਅਕਰਮ ਹੈਂ। ਅਭਰਮ ਹੈਂ। ੧੩। ੪੧।
ਅਜੀਤ ਹੈਂ। ਅਭੀਤ ਹੈਂ। ਅਬਾਹ ਹੈਂ। ਅਗਾਹ ਹੈਂ। ੧੪। ੪੨।
ਅਮਾਨ ਹੈਂ। ਨਿਧਾਨ ਹੈਂ। ਅਨੇਕ ਹੈਂ। ਫਿਰਿ ਏਕ ਹੈਂ। ੧੫। ੪੩।

ਭੁਜੰਗ ਪ੍ਰਯਾਤ ਛੰਦ

ਨਮੋ ਸਰਬ ਮਾਨੇ। ਸਮਸਤੀ ਨਿਧਾਨੇ।
ਨਮੋ ਦੇਵ ਦੇਵੇ। ਅਭੇਖੀ ਅਭੇਵੇ। ੧। ੪੪।
ਨਮੋ ਕਾਲ ਕਾਲੇ। ਨਮੋ ਸਰਬ ਪਾਲੇ।
ਨਮੋ ਸਰਬ ਗਉਣੇ। ਨਮੋ ਸਰਬ ਭਉਣੇ। ੨। ੪੫।

ਅਨੰਗੀ ਅਨਾਥੇ। ਨ੍ਰਿਸੰਗੀ ਪ੍ਰਮਾਥੇ।
ਨਮੋ ਭਾਨ ਭਾਨੇ। ਨਮੋ ਮਾਨ ਮਾਨੇ। ੩। ੪੬।
ਨਮੋ ਚੰਦ੍ਰੇ ਚੰਦ੍ਰੇ। ਨਮੋ ਭਾਨ ਭਾਨੇ।
ਨਮੋ ਗੀਤ ਗੀਤੇ। ਨਮੋ ਤਾਨ ਤਾਨੇ। ੪। ੪੭।
ਨਮੋ ਨ੍ਰਿਤ ਨ੍ਰਿਤੇ[1]। ਨਮੋ ਨਾਦ ਨਾਦੇ।
ਨਮੋ ਪਾਨ ਪਾਨੇ। ਨਮੋ ਬਾਦ ਬਾਦੇ। ੫। ੪੮।
ਅਨੰਗੀ ਅਨਾਮੇ। ਸਮਸਤੀ ਸਰੂਪੇ।
ਪ੍ਰਭੰਗੀ ਪ੍ਰਮਾਥੇ। ਸਮਸਤੀ ਬਿਭੂਤੇ। ੬। ੪੯।
ਕਲੰਕੰ ਬਿਨਾ ਨੇਹਕਲੰਕੀ[2] ਸਰੂਪੇ।
ਨਮੋ ਰਾਜ ਰਾਜੇਸ੍ਵਰੰ ਪਰਮ ਰੂਪੇ। ੭। ੫੦।[3]

ਨਮੋ ਜੋਗ ਜੋਗੇਸ੍ਵਰੰ ਪਰਮ ਸਿਧੇ।
ਨਮੋ ਰਾਜ ਰਾਜੇਸ੍ਵਰੰ ਪਰਮ ਬ੍ਰਿਧੇ। ੮। ੫੧।
ਨਮੋ ਸਸਤ੍ਰ ਪਾਣੇ। ਨਮੋ ਅਸਤ੍ਰ ਮਾਣੇ।
ਨਮੋ ਪਰਮ ਗਿਆਤਾ। ਨਮੋ ਲੋਕ ਮਾਤਾ। ੯। ੫੨।
ਅਭੇਖੀ ਅਭਰਮੀ ਅਭੋਗੀ ਅਭੁਗਤੇ।
ਨਮੋ ਜੋਗ ਜੋਗੇਸ੍ਵਰੰ ਪਰਮ ਜੁਗਤੇ। ੧੦। ੫੩।
ਨਮੋ ਨਿਤ ਨਾਰਾਇਣੇ ਕ੍ਰੂਰ ਕਰਮੇ।
ਨਮੋ ਪ੍ਰੇਤ ਅਪ੍ਰੇਤ ਦੇਵੇ ਸੁਧਰਮੇ। ੧੧। ੫੪।
ਨਮੋ ਰੋਗ ਹਰਤਾ। ਨਮੋ ਰਾਗ ਰੂਪੇ।
ਨਮੋ ਸਾਹ ਸਾਹੰ। ਨਮੋ ਭੂਪ ਭੂਪੇ। ੧੨। ੫੫।

ਨਮੋ ਦਾਨੇ ਦਾਨੇ। ਨਮੋ ਮਾਨ ਮਾਨੇ।
ਨਮੋ ਰੋਗ ਰੋਗੇ। ਨਮਸਤੰ ਸਨਾਨੇ। ੧੩। ੫੬।

੧. 'ਨਿਰਤ ਨਿਰਤੇ' ੨. 'ਨੇ ਕਲੰਕੀ' ੩. ਕੁਝ ਬੀੜਾਂ ਵਿਚ ਛੰਦ ਅੰਕ ੫੦, ੫੩, ੫੯ ਅਤੇ ੬੦ ਨੂੰ ਸੁਤੰਤਰ ਛੰਦ ਰਖਣ ਦੀ ਥਾਂ ਅਗਲੇ ਛੰਦਾਂ ਨਾਲ ਮਿਲਾ ਦਿੱਤਾ ਗਿਆ ਹੈ। ਫਲਸਰੂਪ ਇਥੇ ਗਿਣਤੀ ਵਿਚ ਚਾਰ ਦਾ ਫਰਕ ਪੈ ਗਿਆ ਹੈ

(ਤੂੰ) ਅਸੀਮ (ਲਕੀਰ ਤੋਂ ਮੁਕਤ) ਹੈਂ, ਲਾ-ਸ਼ਰੀਕ ਹੈਂ, ਆਸਰਾ-ਰਹਿਤ ਹੈਂ, ਜਨਮ ਰਹਿਤ (ਸ੍ਵਯੰਭਵ) ਹੈਂ।੩੯। (ਤੂੰ) ਪਹੁੰਚ ਤੋਂ ਪਰੇ ਹੈਂ, ਜਨਮ ਤੋਂ ਰਹਿਤ ਹੈਂ, ਪੰਜ ਭੌਤਿਕ ਹੋਂਦ ਤੋਂ ਪਰੇ ਹੈਂ, ਅਛੋਹ ਹੈਂ।੪੦। (ਤੂੰ) ਅਦ੍ਰਿਸ਼ ਹੈਂ, ਸੋਗ-ਰਹਿਤ ਹੈਂ, ਕਰਮ-ਰਹਿਤ ਹੈਂ, ਭਰਮ-ਰਹਿਤ ਹੈਂ।੪੧। (ਤੂੰ) ਅਜਿਤ ਹੈਂ, ਨਿਡਰ ਹੈਂ, ਅਚਲ (ਵਾਹਨ ਦੁਆਰਾ ਚਲਾਏ ਨ ਜਾ ਸਕਣ ਵਾਲਾ) ਹੈਂ, ਅਥਾਹ (ਸਮੁੰਦਰ ਵਾਂਗ) ਹੈਂ।੪੨। (ਤੂੰ) ਅਮਿਤ ਹੈਂ, (ਸਭ ਦਾ) ਖ਼ਜ਼ਾਨਾ ਹੈਂ, ਅਨੇਕ ਰੂਪਾਂ ਵਾਲਾ ਹੈਂ, ਪਰ ਫਿਰ ਵੀ ਇਕ ਹੈਂ।੪੩।

ਭੁਜੰਗ ਪ੍ਰਯਾਤ ਛੰਦ

ਹੇ ਸਾਰਿਆਂ ਦੁਆਰਾ ਮੰਨੇ ਜਾਣ ਵਾਲੇ ਅਤੇ ਸਾਰੀਆਂ ਨਿਧੀਆਂ ਦੇ ਭੰਡਾਰ! (ਤੈਨੂੰ) ਨਮਸਕਾਰ ਹੈ; ਹੇ ਦੇਵਤਿਆਂ ਦੇ ਦੇਵਤੇ ਅਤੇ ਭੇਖ ਤੇ ਭੇਦ ਤੋਂ ਰਹਿਤ! (ਤੈਨੂੰ) ਨਮਸਕਾਰ ਹੈ।੪੪। ਹੇ ਕਾਲ ਦੇ ਕਾਲ! (ਤੈਨੂੰ) ਨਮਸਕਾਰ ਹੈ, ਹੇ ਸਭ ਦੇ ਪਾਲਕ! (ਤੈਨੂੰ) ਨਮਸਕਾਰ ਹੈ; ਹੇ ਸਭ ਥਾਂ ਗਵਨ ਕਰਨ ਵਾਲੇ! (ਤੈਨੂੰ) ਨਮਸਕਾਰ ਹੈ, ਹੇ ਸਾਰਿਆਂ ਭੁਵਨਾਂ (ਲੋਕਾਂ) ਵਿਚ ਰਹਿਣ ਵਾਲੇ! (ਤੈਨੂੰ) ਨਮਸਕਾਰ ਹੈ।੪੫।

ਹੇ ਦੇਹ (ਅੰਗ) ਰਹਿਤ, ਸੁਆਮੀ (ਨਾਥ) ਰਹਿਤ, ਸੰਗ-ਸਾਥ ਰਹਿਤ, (ਸਭ ਦਾ) ਨਾਸ਼ ਕਰਨ ਵਾਲੇ ਅਤੇ ਸੂਰਜਾਂ ਦੇ ਸੂਰਜ, ਮਾਣਾਂ ਦੇ ਮਾਣ! (ਤੈਨੂੰ) ਨਮਸਕਾਰ ਹੈ।੪੬। ਹੇ ਚੰਦ੍ਰਮਿਆਂ ਦੇ ਚੰਦ੍ਰਮਾ! ਹੇ ਸੂਰਜਾਂ ਦੇ ਸੂਰਜ! ਹੇ ਗੀਤਾਂ ਦੇ ਗੀਤ! ਹੇ ਤਾਨਾਂ ਦੇ ਤਾਨ! (ਤੈਨੂੰ) ਨਮਸਕਾਰ ਹੈ।੪੭। ਹੇ ਨਾਚਾਂ ਦੇ ਨਾਚ! (ਤੈਨੂੰ) ਨਮਸਕਾਰ ਹੈ, ਹੇ ਨਾਦਾਂ ਦੇ ਨਾਦ (ਧ੍ਵਨੀ)! (ਤੈਨੂੰ) ਨਮਸਕਾਰ ਹੈ, ਹੇ ਹੱਥਾਂ ਦੇ ਹੱਥ! (ਤੈਨੂੰ) ਨਮਸਕਾਰ ਹੈ, ਹੇ ਵਾਜਿਆਂ ਦੇ ਵਾਜੇ! (ਤੈਨੂੰ) ਨਮਸਕਾਰ ਹੈ।੪੮। ਹੇ ਅੰਗ-ਰਹਿਤ, ਨਾਮ-ਰਹਿਤ, ਸਭ ਦੇ ਸਰੂਪ, ਦੁਖਦਾਇਕਾਂ ਨੂੰ ਨਸ਼ਟ ਕਰਨ ਵਾਲੇ ਅਤੇ ਸਾਰੀ ਸਾਮਗ੍ਰੀ ਦੇ ਭੰਡਾਰ! (ਤੈਨੂੰ) ਨਮਸਕਾਰ ਹੈ।੪੯। ਹੇ ਕਲੰਕ-ਰਹਿਤ, ਨਿਸ਼ਕਲੰਕ ਸਰੂਪ ਵਾਲੇ, ਰਾਜਿਆਂ ਦੇ ਰਾਜੇ ਅਤੇ ਮਹਾਨ ਰੂਪ ਵਾਲੇ! (ਤੈਨੂੰ) ਨਮਸਕਾਰ ਹੈ।੫੦।

ਹੇ ਜੋਗੀਆਂ ਦੇ ਜੋਗੀ, ਸ੍ਰੇਸ਼ਠ ਸਿੱਧ ਸਰੂਪ! (ਤੈਨੂੰ) ਨਮਸਕਾਰ ਹੈ; ਹੇ ਰਾਜਿਆਂ ਦੇ ਰਾਜੇ, ਮਹਾਨ ਵਡਿਆਈ ਵਾਲੇ! (ਤੈਨੂੰ) ਨਮਸਕਾਰ ਹੈ।੫੧। ਹੇ ਹੱਥ ਵਿਚ ਸ਼ਸਤ੍ਰ ਧਾਰਨ ਕਰਨ ਵਾਲੇ! (ਤੈਨੂੰ) ਨਮਸਕਾਰ ਹੈ; ਹੇ ਅਸਤ੍ਰ ਵਰਤਣ ਵਾਲੇ! (ਤੈਨੂੰ) ਨਮਸਕਾਰ ਹੈ; ਹੇ ਸਭ ਕੁਝ ਜਾਣਨ ਵਾਲੇ (ਸਰਵੱਗ)! (ਤੈਨੂੰ) ਨਮਸਕਾਰ ਹੈ; ਹੇ ਜਗਤ ਦੇ ਮਾਤਾ ਸਰੂਪ! (ਤੈਨੂੰ) ਨਮਸਕਾਰ ਹੈ।੫੨। ਹੇ ਭੇਖਾਂ ਤੋਂ ਰਹਿਤ, ਭਰਮਾਂ ਤੋਂ ਰਹਿਤ, ਭੋਗਾਂ ਤੋਂ ਰਹਿਤ ਅਤੇ ਨ ਭੋਗੇ ਜਾ ਸਕਣ ਵਾਲੇ! ਹੇ ਜੋਗਾਂ ਦੇ ਵੀ ਜੋਗ ਅਤੇ ਸ੍ਰੇਸ਼ਠ ਜੁਗਤ ਵਾਲੇ! (ਤੈਨੂੰ) ਨਮਸਕਾਰ ਹੈ।੫੩। ਹੇ ਸਾਰਿਆਂ ਜੀਵਾਂ ਦਾ ਕਲਿਆਣ ਕਰਨ ਵਾਲੇ ਅਤੇ ਭਿਆਨਕ ਕਰਮ ਕਰਨ ਵਾਲੇ, ਪ੍ਰੇਤ-ਅਪ੍ਰੇਤ ਦਾ ਧਰਮ ਅਨੁਸਾਰ ਪਾਲਣ ਕਰਨ ਵਾਲੇ ਦੇਵ ਸਰੂਪ! (ਤੈਨੂੰ) ਨਮਸਕਾਰ ਹੈ।੫੪। ਹੇ ਰੋਗ-ਨਾਸ਼ਕ! (ਤੈਨੂੰ) ਨਮਸਕਾਰ ਹੈ; ਹੇ ਪ੍ਰੇਮ-ਸਰੂਪ! (ਤੈਨੂੰ) ਨਮਸਕਾਰ ਹੈ; ਹੇ ਸ਼ਾਹਾਂ ਦੇ ਸ਼ਾਹ! (ਤੈਨੂੰ) ਨਮਸਕਾਰ ਹੈ; ਹੇ ਰਾਜਿਆਂ ਦੇ ਰਾਜੇ! (ਤੈਨੂੰ) ਨਮਸਕਾਰ ਹੈ।੫੫।

ਹੇ ਦਾਨੀਆਂ ਦੇ ਵੀ ਦਾਨੀ! (ਤੈਨੂੰ) ਨਮਸਕਾਰ ਹੈ; ਹੇ ਮਾਣਾਂ ਦੇ ਮਾਣ! (ਤੈਨੂੰ) ਨਮਸਕਾਰ ਹੈ; ਹੇ ਰੋਗਾਂ ਦੇ ਰੋਗ (ਰੋਗ-ਨਾਸ਼ਕ)! (ਤੈਨੂੰ) ਨਮਸਕਾਰ ਹੈ; ਹੇ ਇਸ਼ਨਾਨ ਸਰੂਪ! ਤੈਨੂੰ ਨਮਸਕਾਰ ਹੈ।੫੬।

ਨਮੋ ਮੰਤ੍ਰ ਮੰਤ੍ਰੰ। ਨਮੋ ਜੰਤ੍ਰ ਜੰਤ੍ਰੰ।
ਨਮੋ ਇਸਟੇ ਇਸਟੇ। ਨਮੋ ਤੰਤ੍ਰ ਤੰਤ੍ਰੰ। ੧੪। ੫੭।
ਸਦਾ ਸਚਿਦਾਨੰਦ ਸਰਬੰ ਪ੍ਰਣਾਸੀ।
ਅਨੂਪੇ ਅਰੂਪੇ ਸਮਸਤੁਲ ਨਿਵਾਸੀ। ੧੫। ੫੮।

ਸਦਾ ਸਿਧਿਦਾ ਬੁਧਿਦਾ ਬ੍ਰਿਧਿ ਕਰਤਾ।
ਅਧੋ ਉਰਧ ਅਰਧੰ ਅਘੰ ਓਘ ਹਰਤਾ।੧੬।੫੯।
ਪਰੰ ਪਰਮ ਪਰਮੇਸ੍ਵਰੰ ਪ੍ਰੋਛਪਾਲੰ।
ਸਦਾ ਸਰਬਦਾ ਸਿਧਿ ਦਾਤਾ ਦਿਆਲੰ।੧੭।੬੦।
ਅਛੇਦੀ ਅਭੇਦੀ ਅਨਾਮੰ ਅਕਾਮੰ।
ਸਮਸਤੋ ਪਰਾਜੀ ਸਮਸਤਸਤੁ ਧਾਮੰ।੧੮।੬੧।

ਤੇਰਾ ਜੋਰੁ। ਚਾਚਰੀ ਛੰਦ

ਜਲੇ ਹੈਂ। ਥਲੇ ਹੈਂ। ਅਭੀਤ ਹੈਂ। ਅਭੇ ਹੈਂ। ੧। ੬੨।
ਪ੍ਰਭੂ ਹੈਂ। ਅਜੂ ਹੈਂ। ਅਦੇਸ ਹੈਂ। ਅਭੇਸ ਹੈਂ। ੨। ੬੩।

ਭੁਜੰਗ ਪ੍ਰਯਾਤ ਛੰਦ। ਤ੍ਵਪ੍ਰਸਾਦਿ[1]

ਅਗਾਧੇ ਅਬਾਧੇ। ਅਨੰਦੀ ਸਰੂਪੇ।
ਨਮੋ ਸਰਬ ਮਾਨੇ। ਸਮਸਤੀ ਨਿਧਾਨੇ। ੧। ੬੪।
ਨਮਸਤ੍ਵੰ ਨ੍ਰਿਨਾਥੇ। ਨਮਸਤ੍ਵੰ ਪ੍ਰਮਾਥੇ।
ਨਮਸਤ੍ਵੰ ਅਗੰਜੇ। ਨਮਸਤ੍ਵੰ ਅਭੰਜੇ। ੨। ੬੫।
ਨਮਸਤ੍ਵੰ ਅਕਾਲੇ। ਨਮਸਤ੍ਵੰ ਅਪਾਲੇ।
ਨਮੋ ਸਰਬ ਦੇਸੇ। ਨਮੋ ਸਰਬ ਭੇਸੇ। ੩। ੬੬।
ਨਮੋ ਰਾਜ ਰਾਜੇ। ਨਮੋ ਸਾਜ ਸਾਜੇ।
ਨਮੋ ਸਾਹ ਸਾਹੇ। ਨਮੋ ਮਾਹ ਮਾਹੇ। ੪। ੬੭।
ਨਮੋ ਗੀਤ ਗੀਤੇ। ਨਮੋ ਪ੍ਰੀਤਿ ਪ੍ਰੀਤੇ।
ਨਮੋ ਰੋਖ ਰੋਖੇ। ਨਮੋ ਸੋਖ ਸੋਖੇ। ੫। ੬੮।

ਨਮੋ ਸਰਬ ਰੋਗੇ। ਨਮੋ ਸਰਬ ਭੋਗੇ।
ਨਮੋ ਸਰਬ ਜੀਤੰ। ਨਮੋ ਸਰਬ ਭੀਤੰ। ੬। ੬੯।
ਨਮੋ ਸਰਬ ਗਿਆਨੰ। ਨਮੋ ਪਰਮ ਤਾਨੰ।
ਨਮੋ ਸਰਬ ਮੰਤ੍ਰੰ। ਨਮੋ ਸਰਬ ਜੰਤ੍ਰੰ। ੭। ੭੦।
ਨਮੋ ਸਰਬ ਦ੍ਰਿਸੰ। ਨਮੋ ਸਰਬ ਕ੍ਰਿਸੰ।
ਨਮੋ ਸਰਬ ਰੰਗੇ। ਤ੍ਰਿਭੰਗੀ ਅਨੰਗੇ। ੮। ੭੧।

੧. ਕਈ ਬੀੜਾਂ ਵਿਚ 'ਤ੍ਵਪ੍ਰਸਾਦਿ' ਨਹੀਂ ਲਿਖਿਆ

ਹੇ ਮੰਤ੍ਰਾਂ ਦੇ ਮੰਤ੍ਰ! (ਤੈਨੂੰ) ਨਮਸਕਾਰ ਹੈ; ਹੇ ਯੰਤ੍ਰਾਂ ਦੇ ਯੰਤ੍ਰ! (ਤੈਨੂੰ) ਨਮਸਕਾਰ ਹੈ; ਹੇ ਇਸ਼ਟਾਂ ਦੇ ਇਸ਼ਟ! (ਤੈਨੂੰ) ਨਮਸਕਾਰ ਹੈ; ਹੇ ਤੰਤ੍ਰਾਂ ਦੇ ਤੰਤ੍ਰ! (ਤੈਨੂੰ) ਨਮਸਕਾਰ ਹੈ।੫੭। ਹੇ ਸਦਾ ਸੱਤ, ਚਿਤ, ਆਨੰਦ ਸਰੂਪ ਅਤੇ ਸਭ ਦਾ ਨਾਸ਼ ਕਰਨ ਵਾਲੇ! ਹੇ ਉਪਮਾ-ਰਹਿਤ, ਰੂਪ-ਰਹਿਤ ਅਤੇ ਸਭ ਵਿਚ ਨਿਵਾਸ ਕਰ ਰਹੇ! (ਤੈਨੂੰ ਨਮਸਕਾਰ ਹੈ)।੫੮।

ਹੇ ਸਦਾ ਸਿੱਧੀ ਦੇਣ ਵਾਲੇ, ਬੁੱਧੀ ਦੇਣ ਵਾਲੇ ਅਤੇ ਵਾਧਾ ਕਰਨ ਵਾਲੇ, ਸਾਰੇ ('ਓਘ') ਉਤਮ, ਮਧਮ ਅਤੇ ਅਧਮ ਪਾਪਾਂ ('ਅਘੰ') ਨੂੰ ਨਸ਼ਟ ਕਰਨ ਵਾਲੇ! (ਤੈਨੂੰ) ਨਮਸਕਾਰ ਹੈ।੫੯। ਹੇ ਪਰਮ ਸ੍ਰੇਸ਼ਠ ਪਰਮੇਸ਼ਵਰ! (ਤੂੰ ਸਭ ਦੀ) ਪਰੋਖ (ਅਦ੍ਰਿਸ਼) ਰੂਪ ਵਿਚ ਪਾਲਣਾ ਕਰਨ ਵਾਲਾ ਹੈਂ; ਹੇ ਦਿਆਲੂ! (ਤੂੰ) ਸਦਾ ਸਾਰਿਆਂ ਸਮਿਆਂ ਵਿਚ ਸਿੱਧੀਆਂ ਪ੍ਰਦਾਨ ਕਰਨ ਵਾਲਾ ਹੈਂ।੬੦। (ਹੇ ਪ੍ਰਭੂ!) ਨ (ਤੂੰ) ਕਟਿਆ ਜਾ ਸਕਦਾ ਹੈਂ, ਨ ਤੋੜਿਆ ਜਾ ਸਕਦਾ ਹੈਂ, ਤੂੰ ਨਾਮ ਅਤੇ ਕਾਮਨਾ ਤੋਂ ਰਹਿਤ ਹੈਂ; (ਤੂੰ) ਸਾਰੀ ਦੁਨੀਆ ਪੈਦਾ ਕੀਤੀ ਹੈ ਅਤੇ ਸਾਰੀ ਦਾ ਹੀ (ਤੂੰ) ਆਸਰਾ ਹੈਂ।੬੧।

ਤੇਰਾ ਬਲ। ਚਾਚਰੀ ਛੰਦ

(ਹੇ ਪ੍ਰਭੂ! ਤੂੰ) ਜਲ ਵਿਚ ਹੈਂ, ਥਲ ਵਿਚ ਹੈਂ, ਅਭੈ ਹੈਂ; (ਤੇਰੇ) ਭੇਦ ਨੂੰ ਨਹੀਂ ਪਾਇਆ ਜਾ ਸਕਦਾ।੬੨। (ਤੂੰ ਸਭ ਦਾ) ਸੁਆਮੀ ਹੈਂ, ਜਨਮ ਤੋਂ ਬਿਨਾ ਹੈਂ, ਦੇਸ ਤੋਂ ਬਿਨਾ ਹੈਂ, ਭੇਸ ਤੋਂ ਬਿਨਾ ਹੈਂ।੬੩।

ਭੁਜੰਗ ਪ੍ਰਯਾਤ ਛੰਦ। ਤੇਰੀ ਕ੍ਰਿਪਾ ਨਾਲ

ਹੇ ਅਗਾਧ (ਅਥਾਹ), ਹੇ ਅਬਾਧ (ਅਸੀਮ)! ਹੇ ਆਨੰਦ-ਸਰੂਪ! ਹੇ ਸਾਰਿਆਂ ਦੁਆਰਾ ਮੰਨੇ ਜਾਣ ਵਾਲੇ ਅਤੇ ਸਾਰਿਆਂ (ਗੁਣਾਂ ਅਥਵਾ ਪਦਾਰਥਾਂ) ਦੇ ਖ਼ਜ਼ਾਨੇ! (ਤੈਨੂੰ) ਨਮਸਕਾਰ ਹੈ।੬੪। ਹੇ ਸੁਆਮੀ-ਰਹਿਤ! ਤੈਨੂੰ ਨਮਸਕਾਰ ਹੈ; ਹੇ (ਸਾਰਿਆਂ ਦੇ) ਸੰਘਾਰਕ! ਤੈਨੂੰ ਨਮਸਕਾਰ ਹੈ; ਹੇ ਨ ਨਸ਼ਟ ਕੀਤੇ ਜਾ ਸਕਣ ਵਾਲੇ! ਤੈਨੂੰ ਨਮਸਕਾਰ ਹੈ; ਹੇ ਨ ਭੰਨੇ ਜਾ ਸਕਣ ਵਾਲੇ! ਤੈਨੂੰ ਨਮਸਕਾਰ ਹੈ।੬੫। ਹੇ ਕਾਲ-ਰਹਿਤ! ਤੈਨੂੰ ਨਮਸਕਾਰ ਹੈ; ਹੇ ਪਾਲਕ-ਰਹਿਤ! ਤੈਨੂੰ ਨਮਸਕਾਰ ਹੈ; ਹੇ ਸਾਰੇ ਦੇਸ਼ਾਂ ਵਾਲੇ! (ਤੈਨੂੰ) ਨਮਸਕਾਰ ਹੈ; ਹੇ ਸਾਰੇ ਭੇਸਾਂ ਵਾਲੇ! (ਤੈਨੂੰ) ਨਮਸਕਾਰ ਹੈ।੬੬। ਹੇ ਰਾਜਿਆਂ ਦੇ ਵੀ ਰਾਜੇ! (ਤੈਨੂੰ) ਨਮਸਕਾਰ ਹੈ; ਹੇ ਸਿਰਜਨਹਾਰਾਂ ਦੇ ਵੀ ਸਿਰਜਨਹਾਰ! (ਤੈਨੂੰ) ਨਮਸਕਾਰ ਹੈ; ਹੇ ਸ਼ਾਹਾਂ ਦੇ ਵੀ ਸ਼ਾਹ! (ਤੈਨੂੰ) ਨਮਸਕਾਰ ਹੈ; ਹੇ ਚੰਦ੍ਰਮਿਆਂ ਦੇ ਚੰਦ੍ਰਮਾ ('ਮਾਹ')! (ਤੈਨੂੰ) ਨਮਸਕਾਰ ਹੈ ।੬੭। ਹੇ ਗੀਤਾਂ ਦੇ ਗੀਤ! (ਤੈਨੂੰ) ਨਮਸਕਾਰ ਹੈ; ਹੇ ਪ੍ਰੇਮਾਂ ਦੇ ਪ੍ਰੇਮ (ਪ੍ਰੀਤਵਾਨਾਂ ਦੇ ਪ੍ਰੀਤਵਾਨ)! (ਤੈਨੂੰ) ਨਮਸਕਾਰ ਹੈ; ਹੇ ਰੋਹਾਂ ਦੇ ਰੋਹ (ਰੋਸ)! (ਤੈਨੂੰ) ਨਮਸਕਾਰ ਹੈ; ਹੇ ਸ਼ੋਖਾਂ ਦੇ ਸ਼ੋਖ! (ਤੈਨੂੰ) ਨਮਸਕਾਰ ਹੈ।੬੮।

ਹੇ ਸਰਬ ਰੋਗ-ਸਰੂਪ! (ਤੈਨੂੰ) ਨਮਸਕਾਰ ਹੈ; ਹੇ ਸਰਬ ਭੋਗ-ਰੂਪ! (ਤੈਨੂੰ) ਨਮਸਕਾਰ ਹੈ; ਹੇ ਸਭ ਦੇ ਵਿਜੇਤਾ! (ਤੈਨੂੰ) ਨਮਸਕਾਰ ਹੈ; ਹੇ ਸਭ ਨੂੰ ਭੈ ਦੇਣ ਵਾਲੇ! (ਤੈਨੂੰ) ਨਮਸਕਾਰ ਹੈ।੬੯। ਹੇ ਸਰਬ ਗਿਆਨ-ਸਰੂਪ! (ਤੈਨੂੰ) ਨਮਸਕਾਰ ਹੈ; ਹੇ ਪਰਮ ਤ੍ਰਾਣ-ਸਰੂਪ! (ਤੈਨੂੰ) ਨਮਸਕਾਰ ਹੈ; ਹੇ ਸਰਬ ਮੰਤ੍ਰ-ਸਰੂਪ! (ਤੈਨੂੰ) ਨਮਸਕਾਰ ਹੈ; ਹੇ ਸਰਬ ਯੰਤ੍ਰ-ਸਰੂਪ; (ਤੈਨੂੰ) ਨਮਸਕਾਰ ਹੈ।੭੦। ਹੇ ਸਭ ਨੂੰ ਵੇਖਣ ਵਾਲੇ! (ਤੈਨੂੰ) ਨਮਸਕਾਰ ਹੈ; ਹੇ ਸਭ ਨੂੰ ਆਕਰਸ਼ਿਤ ਕਰਨ ਵਾਲੇ! (ਤੈਨੂੰ) ਨਮਸਕਾਰ ਹੈ; ਹੇ ਸਰਬ ਰੰਗ (ਆਨੰਦ) ਸਰੂਪ! (ਤੈਨੂੰ) ਨਮਸਕਾਰ ਹੈ; ਹੇ ਤਿੰਨ ਲੋਕਾਂ ਦੇ ਸੰਘਾਰਕ ਅਤੇ ਨਿਰਾਕਾਰ ਰੂਪ ਵਾਲੇ! (ਤੈਨੂੰ ਨਮਸਕਾਰ ਹੈ)।੭੧।

ਨਮੋ ਜੀਵ ਜੀਵੰ। ਨਮੋ ਬੀਜ ਬੀਜੇ।
ਅਖਿਜੇ ਅਭਿਜੇ। ਸਮਸਤੰ ਪ੍ਰਸਿਜੇ। ੯। ੭੨।
ਕ੍ਰਿਪਾਲੰ ਸਰੂਪੇ। ਕੁਕਰਮੰ ਪ੍ਰਣਾਸੀ।
ਸਦਾ ਸਰਬਦਾ ਰਿਧਿ ਸਿਧੰ ਨਿਵਾਸੀ। ੧੦। ੭੩।

ਚਰਪਟ ਛੰਦ। ਤ੍ਵਪ੍ਰਸਾਦਿ

ਅੰਮ੍ਰਿਤ ਕਰਮੇ। ਅੰਬ੍ਰਿਤ ਧਰਮੇ। ਅਖਿਲ ਜੋਗੇ। ਅਚਲ ਭੋਗੇ। ੧। ੭੪।
ਅਚਲ ਰਾਜੇ। ਅਟਲ ਸਾਜੇ। ਅਖਲ[1] ਧਰਮੰ। ਅਲਖ ਕਰਮੰ। ੨। ੭੫।
ਸਰਬੰ ਦਾਤਾ। ਸਰਬੰ ਗਿਆਤਾ। ਸਰਬੰ ਭਾਨੇ। ਸਰਬੰ ਮਾਨੇ। ੩। ੭੬।
ਸਰਬੰ ਪ੍ਰਾਣੰ। ਸਰਬੰ ਤ੍ਰਾਣੰ। ਸਰਬੰ ਭੁਗਤਾ। ਸਰਬੰ ਜੁਗਤਾ। ੪। ੭੭।
ਸਰਬੰ ਦੇਵੰ। ਸਰਬੰ ਭੇਵੰ। ਸਰਬੰ ਕਾਲੇ। ਸਰਬੰ ਪਾਲੇ। ੫। ੭੮।

ਰੂਆਲ ਛੰਦ। ਤ੍ਵਪ੍ਰਸਾਦਿ

ਆਦਿ ਰੂਪ ਅਨਾਦਿ ਮੂਰਤਿ ਅਜੋਨਿ ਪੁਰਖ ਅਪਾਰ।
ਸਰਬ ਮਾਨ ਤ੍ਰਿਮਾਨ ਦੇਵ ਅਭੇਵ ਆਦਿ ਉਦਾਰ।
ਸਰਬ ਪਾਲਕ ਸਰਬ ਘਾਲਕ ਸਰਬ ਕੋ ਪੁਨਿ ਕਾਲ।
ਜਤ੍ਰ ਤਤ੍ਰ ਬਿਰਾਜਹੀ ਅਵਧੂਤ ਰੂਪ ਰਿਸਾਲ। ੧। ੭੯।
ਨਾਮ ਠਾਮ ਨ ਜਾਤਿ ਜਾਕਰ ਰੂਪ ਰੰਗ ਨ ਰੇਖ।
ਆਦਿ ਪੁਰਖ ਉਦਾਰ ਮੂਰਤਿ ਅਜੋਨਿ ਆਦਿ ਅਸੇਖ।
ਦੇਸ ਅਉਰ ਨ ਭੇਸ ਜਾਕਰ ਰੂਪ ਰੇਖ ਨ ਰਾਗ।
ਜਤ੍ਰ ਤਤ੍ਰ ਦਿਸਾ ਵਿਸਾ ਹੁਇ ਫੈਲਿਓ ਅਨੁਰਾਗ। ੨। ੮੦।

ਨਾਮ ਕਾਮ ਬਿਹੀਨ ਪੇਖਤ ਧਾਮ ਹੂੰ ਨਹਿ ਜਾਹਿ।
ਸਰਬ ਮਾਨ ਸਰਬਤ੍ਰ ਮਾਨ ਸਦੈਵ ਮਾਨਤ ਤਾਹਿ।
ਏਕ ਮੂਰਤਿ ਅਨੇਕ ਦਰਸਨ ਕੀਨ ਰੂਪ ਅਨੇਕ।
ਖੇਲ ਖੇਲਿ ਅਖੇਲ ਖੇਲਨ ਅੰਤ ਕੋ ਫਿਰਿ ਏਕ। ੩। ੮੧।
ਦੇਵ ਭੇਵ ਨ ਜਾਨਹੀ ਜਿਹ ਬੇਦ ਅਉਰ ਕਤੇਬ।
ਰੂਪ ਰੰਗ ਨ ਜਾਤਿ ਪਾਤਿ ਸੁ ਜਾਨਈ ਕਿਹ ਜੇਬ।
ਤਾਤ ਮਾਤ ਨ ਜਾਤ ਜਾ ਕਰ ਜਨਮ ਮਰਨ ਬਿਹੀਨ।
ਚਕ੍ਰ ਬਕ੍ਰ ਫਿਰੈ ਚਤ੍ਰ[2] ਚਕਿ ਮਾਨ ਹੀ ਪੁਰ ਤੀਨ। ੪। ੮੨।

ਲੋਕ ਚਉਦਹ ਕੇ ਬਿਖੈ ਜਗ ਜਾਪ ਹੀ ਜਿਹ ਜਾਪੁ।
ਆਦਿ ਦੇਵ ਅਨਾਦਿ ਮੂਰਤਿ ਥਾਪਿਓ ਸਬੈ ਜਿਹ ਥਾਪੁ।
ਪਰਮ ਰੂਪ ਪੁਨੀਤ ਮੂਰਤਿ ਪੂਰਨ ਪੁਰਖੁ ਅਪਾਰ।
ਸਰਬ ਬਿਸ੍ਵ ਰਚਿਓ ਸੁਯੰਭਵ ਗੜਨ ਭੰਜਨ ਹਾਰ। ੫। ੮੩।

---
੧. 'ਅਖਿਲ' ੨. 'ਚਤੁਰ'

ਹੇ ਜੀਵਾਂ ਦੇ ਜੀਵ! (ਤੈਨੂੰ) ਨਮਸਕਾਰ ਹੈ; ਹੇ ਬੀਜਾਂ ਦੇ ਬੀਜ (ਕਾਰਨ ਸਰੂਪ)! (ਤੈਨੂੰ) ਨਮਸਕਾਰ ਹੈ; ਹੇ ਨ ਖਿਝਣ ਵਾਲੇ, ਨ ਭਿਜਣ ਵਾਲੇ (ਘੁਲ ਮਿਲ ਜਾਣ ਵਾਲੇ) ਅਤੇ ਸਾਰਿਆਂ ਉਤੇ ਪ੍ਰਸੰਨ ਹੋਣ ਵਾਲੇ! (ਤੈਨੂੰ ਨਮਸਕਾਰ ਹੈ)।੭੨। ਹੇ ਕ੍ਰਿਪਾਲੂ ਸਰੂਪ ਵਾਲੇ, ਮਾੜੇ ਕਰਮਾਂ ਨੂੰ ਨਸ਼ਟ ਕਰਨ ਵਾਲੇ ਅਤੇ ਸਦਾ ਸਭ ਥਾਂ ਰਿੱਧੀਆਂ ਸਿੱਧੀਆਂ ਦੇ ਮੂਲ-ਸਥਾਨ! (ਤੈਨੂੰ ਨਮਸਕਾਰ ਹੈ)।੭੩।

ਚਰਪਟ ਛੰਦ। ਤੇਰੀ ਕ੍ਰਿਪਾ ਨਾਲ

(ਹੇ ਪ੍ਰਭੂ! ਤੂੰ) ਅਮਰ ਕਰਮ ਵਾਲਾ, ਅਖੰਡ ('ਅੰਬ੍ਰਿਤ') ਧਰਮ ਵਾਲਾ, ਸਭ ਨਾਲ ਯੁਕਤ (ਜੁੜਿਆ ਹੋਇਆ) ਅਤੇ ਅਚਲ ਭੋਗ ਸਾਮਗ੍ਰੀ ਵਾਲਾ ਹੈਂ।੭੪। (ਹੇ ਪ੍ਰਭੂ! ਤੂੰ) ਅਚਲ ਰਾਜ ਵਾਲਾ, ਅਟਲ ਸਾਜ (ਸਿਰਜਨਾ) ਵਾਲਾ, ਸਾਰੇ ਧਰਮਾਂ ਵਾਲਾ ਅਤੇ ਅਦ੍ਰਿਸ਼ ਕਰਮਾਂ ਵਾਲਾ ਹੈਂ।੭੫। (ਹੇ ਪ੍ਰਭੂ! ਤੂੰ) ਸਭ ਨੂੰ ਦੇਣ ਵਾਲਾ, ਸਭ ਨੂੰ ਜਾਣਨ ਵਾਲਾ, ਸਭ ਨੂੰ ਪ੍ਰਕਾਸ਼ਮਾਨ ('ਭਾਨੇ') ਕਰਨ ਵਾਲਾ ਅਤੇ ਸਭ ਦੁਆਰਾ ਮੰਨੇ ਜਾਣ ਵਾਲਾ (ਪੂਜਣਯੋਗ) ਹੈਂ।੭੬। (ਹੇ ਪ੍ਰਭੂ! ਤੂੰ) ਸਭ ਦਾ ਪ੍ਰਾਣ ਹੈਂ, ਸਭ ਦਾ ਤ੍ਰਾਣ (ਬਲ) ਹੈਂ, ਸਭ ਨੂੰ ਭੋਗਣ ਵਾਲਾ ਹੈਂ ਅਤੇ ਸਭ ਨਾਲ ਜੁੜਿਆ ਹੋਇਆ ਹੈਂ।੭੭। (ਹੇ ਪ੍ਰਭੂ! ਤੂੰ) ਸਭ ਦਾ ਦੇਵ (ਇਸ਼ਟ) ਹੈਂ, ਸਭ ਦੇ ਭੇਦ ਨੂੰ ਜਾਣਨ ਵਾਲਾ ਹੈਂ, ਸਭ ਦਾ ਕਾਲ ਹੈਂ ਅਤੇ ਸਭ ਦਾ ਪਾਲਕ ਹੈਂ।੭੮।

ਰੂਆਲ ਛੰਦ। ਤੇਰੀ ਕ੍ਰਿਪਾ ਨਾਲ

(ਹੇ ਪ੍ਰਭੂ! ਤੂੰ ਸਭ ਦਾ) ਆਦਿ-ਰੂਪ, ਸਭ ਤੋਂ ਪਹਿਲਾਂ ਹੋਣ ਵਾਲਾ ਸਰੂਪ, ਅਯੋਨਿਜ ਅਤੇ ਅਪਰ ਅਪਾਰ ਪੁਰਖ ਹੈਂ; ਸਭ ਦਾ ਮਾਣ, ਤਿੰਨ ਦੇਵਤਿਆਂ ਦੁਆਰਾ ਮੰਨਣਯੋਗ, ਅਭੇਦ ਅਤੇ ਮੁੱਢ-ਕਦੀਮ ਤੋਂ ਉਦਾਰ ਹੈਂ; ਸਭ ਦਾ ਪਾਲਕ, ਸਭ ਦਾ ਨਾਸ਼ਕ ਅਤੇ ਫਿਰ ਸਭ ਦਾ ਕਾਲ-ਰੂਪ ਹੈਂ; ਜਿਥੇ ਕਿਥੇ ਨਿਰਲਿਪਤ ('ਅਵਧੂਤ ਰੂਪ') ਹੋਣ ਤੇ ਵੀ ਪਸੀਜਣ ਵਾਲਾ ਹੋ ਕੇ ਬਿਰਾਜ ਰਿਹਾ ਹੈਂ।੭੯। ਜਿਸ ਦਾ ਨਾਮ, ਧਾਮ, ਜਾਤਿ, ਰੂਪ, ਰੰਗ ਅਤੇ ਰੇਖ ਨਹੀਂ ਹੈ; ਜੋ ਆਦਿ ਪੁਰਖ, ਉਦਾਰ ਸਰੂਪ ਵਾਲਾ, ਅਜੋਨੀ ਅਤੇ ਮੁੱਢ ਤੋਂ ਹੀ ਅਸ਼ੇਸ਼-ਰੂਪ (ਪਰਿਪੂਰਣ) ਹੈ; ਜਿਸ ਦਾ ਦੇਸ, ਭੇਸ, ਰੂਪ, ਰੇਖ ਅਤੇ ਰਾਗ (ਮੋਹ) ਨਹੀਂ ਹੈ; ਜਿਥੇ ਕਿਥੇ ਦਿਸ਼ਾ-ਵਿਦਿਸ਼ਾ (ਚੌਹਾਂ ਪਾਸੇ) ਵਿਚ ਪ੍ਰੇਮ ਰੂਪ ਹੋ ਕੇ ਪਸਰਿਆ ਹੋਇਆ ਹੈ।੮੦।

ਜੋ ਨਾਮ, ਕਾਮਨਾ ਤੋਂ ਬਿਨਾ ਦਿਸਦਾ ਹੈ, ਜਿਸ ਦਾ ਕੋਈ ਘਰ-ਘਾਟ ਨਹੀਂ ਹੈ; ਜੋ ਸਭ ਦਾ ਮਾਣ ਅਤੇ ਸਭ ਦੁਆਰਾ ਮਾਨਿਆ ਜਾਣ ਵਾਲਾ ਅਤੇ ਜਿਸ ਨੂੰ ਸਦਾ (ਅਸੀਂ) ਮੰਨਦੇ ਹਾਂ; ਉਹ ਇਕ ਰੂਪ ਵਾਲਾ, ਪਰ ਅਨੇਕ ਰੂਪਾਂ ਵਿਚ ਦਿਸਣ ਵਾਲਾ ਅਤੇ ਅਨੇਕ ਰੂਪਾਂ ਨੂੰ ਕਰਨ ਵਾਲਾ ਹੈ; ਖੇਡ ਖੇਡ ਕੇ ਫਿਰ ਅਖੇਡਣ ਦੀ ਅਵਸਥਾ ਹੋ ਕੇ ਅੰਤ ਨੂੰ ਫਿਰ ਇਕ ਹੋ ਜਾਂਦਾ ਹੈ।੮੧। (ਜਿਸ ਦਾ) ਭੇਦ ਦੇਵਤੇ, ਵੇਦ ਅਤੇ ਕਤੇਬ (ਸਾਮੀ ਧਰਮ ਪੁਸਤਕਾਂ) ਨਹੀਂ ਜਾਣਦੇ; (ਜਿਸ ਦਾ) ਰੂਪ, ਰੰਗ, ਜਾਤਿ-ਪਾਤਿ ਪਤਾ ਨਹੀਂ ਕਿਹੋ ਜਿਹਾ ਹੈ; ਜਿਸ ਦਾ ਪਿਤਾ, ਮਾਤਾ ਅਤੇ ਜਾਤਿ ਨਹੀਂ ਹੈ ਅਤੇ ਜੋ ਜਨਮ-ਮਰਨ ਦੇ ਚੱਕਰ ਤੋਂ ਰਹਿਤ ਹੈ; ਜਿਸ (ਦੇ ਹੁਕਮ) ਦਾ ਤੇਜ਼ੀ ਨਾਲ ਘੁੰਮਦਾ ਹੋਇਆ ('ਬਕ੍ਰ') ਚੱਕਰ ਚੌਹਾਂ ਚੱਕਾਂ ਵਿਚ ਭੌਂਦਾ ਫਿਰਦਾ ਹੈ ਅਤੇ (ਜਿਸ ਦਾ ਹੁਕਮ) ਤਿੰਨਾਂ ਲੋਕਾਂ ਵਿਚ ਮੰਨਿਆ ਜਾਂਦਾ ਹੈ।੮੨।

ਜਿਸ ਦਾ ਜਾਪ ਚੌਦਾਂ ਲੋਕਾਂ ਦੇ ਸਾਰੇ ਜਗਤ ਵਿਚ ਹੋ ਰਿਹਾ ਹੈ; ਜੋ ਆਦਿ ਦੇਵ, ਆਦਿ (ਮੁੱਢ) ਤੋਂ ਰਹਿਤ ਸਰੂਪ ਵਾਲਾ ਅਤੇ ਜਿਸ ਨੇ ਸਾਰੀ ਸ੍ਰਿਸ਼ਟੀ (ਸਥਾਪਨਾ) ਨੂੰ ਸਥਾਪਿਤ ਕੀਤਾ ਹੋਇਆ ਹੈ; ਜੋ ਪਰਮ ਸ੍ਰੇਸ਼ਠ ਰੂਪ ਵਾਲਾ, ਪਵਿਤਰ ਸਰੂਪ ਵਾਲਾ ਅਤੇ ਪੂਰਨ ਤੇ ਅਪਾਰ ਪੁਰਖ ਹੈ; ਜਿਸ ਆਪਣੇ ਆਪ ਹੋਣ ਵਾਲੇ (ਸ੍ਵਯੰਭੂ) ਨੇ ਸਾਰੇ ਜਗਤ ਨੂੰ ਰਚਿਆ ਹੈ ਅਤੇ ਸਭ ਨੂੰ ਬਣਾਉਣ ਅਤੇ ਢਾਹਣ ਵਾਲਾ ਹੈ।੮੩।

ਕਾਲ ਹੀਨ ਕਲਾ ਸੰਜੁਗਤਿ ਅਕਾਲ ਪੁਰਖ ਅਦੇਸ।
ਧਰਮ ਧਾਮ ਸੁ ਭਰਮ ਰਹਤ ਅਭੂਤ ਅਲਖ ਅਭੇਸ।
ਅੰਗ ਰਾਗ ਨ ਰੰਗ ਜਾ ਕਹਿ ਜਾਤਿ ਪਾਤਿ ਨ ਨਾਮ।
ਗਰਬ ਗੰਜਨ ਦੁਸਟ ਭੰਜਨ ਮੁਕਤ ਦਾਇਕ ਕਾਮ। ੬। ੮੪।

ਆਪ ਰੂਪ ਅਮੀਕ ਅਨਉਸਤਤਿ ਏਕ ਪੁਰਖੁ ਅਵਧੂਤ।
ਗਰਬ ਗੰਜਨ ਸਰਬ ਭੰਜਨ ਆਦਿ ਰੂਪ ਅਸੂਤ।
ਅੰਗ ਹੀਨ ਅਭੰਗ ਅਨਾਤਮ ਏਕ ਪੁਰਖੁ ਅਪਾਰ।
ਸਰਬ ਲਾਇਕ ਸਰਬ ਘਾਇਕ ਸਰਬ ਕੋ ਪ੍ਰਤਿਪਾਰ। ੭। ੮੫।

ਸਰਬ ਗੰਤਾ ਸਰਬ ਹੰਤਾ ਸਰਬ ਤੇ ਅਨਭੇਖ।
ਸਰਬ ਸਾਸਤ੍ਰ ਨ ਜਾਨਹੀ ਜਿਹ ਰੂਪ ਰੰਗੁ ਅਰੁ ਰੇਖ।
ਪਰਮ ਬੇਦ ਪੁਰਾਣ ਜਾਕਹਿ ਨੇਤਿ ਭਾਖਤ ਨਿਤ।
ਕੋਟਿ ਸਿੰਮ੍ਰਿਤਿ ਪੁਰਾਨ ਸਾਸਤ੍ਰ ਨ ਆਵਈ ਵਹੁ ਚਿਤਿ। ੮। ੮੬।

ਮਧੁਭਾਰ ਛੰਦ। ਤ੍ਵਪ੍ਰਸਾਦਿ

ਗੁਨ ਗਨ ਉਦਾਰ। ਮਹਿਮਾ ਅਪਾਰ।
ਆਸਨ ਅਭੰਗ। ਉਪਮਾ ਅਨੰਗ। ੧। ੮੭।
ਅਨਭਉ ਪ੍ਰਕਾਸ। ਨਿਸ ਦਿਨ ਅਨਾਸ।
ਆਜਾਨੁ ਬਾਹੁ। ਸਾਹਾਨੁ ਸਾਹੁ। ੨। ੮੮।
ਰਾਜਾਨ ਰਾਜ। ਭਾਨਾਨ ਭਾਨੁ।
ਦੇਵਾਨ ਦੇਵ। ਉਪਮਾ ਮਹਾਨ। ੩। ੮੯।
ਇੰਦ੍ਰਾਨ ਇੰਦ੍ਰ। ਬਾਲਾਨ ਬਾਲ।
ਰੰਕਾਨ ਰੰਕ। ਕਾਲਾਨ ਕਾਲ। ੪। ੯੦।
ਅਨਭੂਤ ਅੰਗ। ਆਭਾ ਅਭੰਗ।
ਗਤਿ ਮਿਤਿ ਅਪਾਰ। ਗੁਨ ਗਨ ਉਦਾਰ। ੫। ੯੧।
ਮੁਨਿ ਗਨ ਪ੍ਰਨਾਮ। ਨਿਰਭੈ ਨ੍ਰਿਕਾਮ।
ਅਤਿ ਦੁਤਿ ਪ੍ਰਚੰਡ। ਮਿਤਿ ਗਤਿ ਅਖੰਡ। ੬। ੯੨।
ਆਲਿਸ੍ਯ ਕਰਮ। ਆਦ੍ਰਿਸ੍ਯ ਧਰਮ।
ਸਰਬਾ ਭਰਣਾਢ੍ਯ। ਅਨਡੰਡ ਬਾਢ੍ਯ। ੭। ੯੩।

ਚਾਚਰੀ ਛੰਦ। ਤ੍ਵਪ੍ਰਸਾਦਿ

ਗੁਬਿੰਦੇ। ਮੁਕੰਦੇ। ਉਦਾਰੇ। ਅਪਾਰੇ। ੧। ੯੪।
ਹਰੀਅੰ। ਕਰੀਅੰ। ਨ੍ਰਿਨਾਮੇ। ਅਕਾਮੇ। ੨। ੯੫।

(ਉਸ) ਕਾਲ-ਰਹਿਤ, ਕਲਾ (ਸ਼ਕਤੀ) ਸਹਿਤ ਅਕਾਲ ਪੁਰਖ ਨੂੰ ਨਮਸਕਾਰ ਹੈ; ਉਹ ਧਰਮ ਦਾ ਸਰੋਤ, ਭਰਮ ਤੋਂ ਰਹਿਤ, ਪੰਜ ਤੱਤ੍ਹਾਂ ਤੋਂ ਨਿਆਰਾ, ਅਦ੍ਰਿਸ਼ ਅਤੇ ਭੇਸ-ਰਹਿਤ ਹੈ; ਜਿਸ ਨੂੰ ਸ਼ਰੀਰ ਦਾ ਮੋਹ ਨਹੀਂ, ਜਿਸ ਦਾ ਕੋਈ ਰੰਗ, ਜਾਤਿ-ਪਾਤਿ ਜਾਂ ਨਾਮ ਨਹੀਂ ਹੈ; ਜੋ ਹੰਕਾਰ ਨੂੰ ਨਸ਼ਟ ਕਰਨ ਵਾਲਾ ਹੈ, ਦੁਸ਼ਟਾਂ ਦਾ ਦਮਨ ਕਰਨ ਵਾਲਾ, ਮੁਕਤੀਦਾਤਾ ਅਤੇ ਕਾਮਨਾਵਾਂ ਪੂਰੀਆਂ ਕਰਨ ਵਾਲਾ ਹੈ।੮੪।

ਜੋ ਆਪਣੇ ਰੂਪ ਵਾਲਾ ਆਪ ਹੀ ਹੈ, ਅਤਿ ਗੰਭੀਰ ਹੈ, ਉਸਤਤ ਤੋਂ ਉੱਚਾ ਹੈ, (ਮਾਇਆ ਤੋਂ ਅਪ੍ਰਭਾਵਿਤ ਰੂਪ ਵਾਲਾ) ਪਵਿਤਰ ਇਕੋ ਇਕ ਪੁਰਸ਼ ਹੈ; ਹੰਕਾਰ ਨੂੰ ਤੋੜਨ ਵਾਲਾ, ਸਭ ਨੂੰ ਭੰਨਣ ਵਾਲਾ ਆਦਿ ਰੂਪ ਅਤੇ ਅਜਨਮਾ ਹੈ; ਉਹ ਸ਼ਰੀਰ-ਰਹਿਤ, ਨਾਸ਼-ਰਹਿਤ ਅਤੇ ਆਤਮਾ ਰਹਿਤ ਇਕ ਅਪਾਰ ਪੁਰਸ਼ ਹੈ; ਉਹ ਸਭ ਕੁਝ ਕਰਨ ਦੇ ਯੋਗ, ਸਭ ਦਾ ਸੰਘਾਰਕ ਅਤੇ ਸਭ ਦਾ ਪਾਲਣਹਾਰ ਹੈ।੮੫।

ਉਸ ਦੀ ਸਭ ਤਕ ਪਹੁੰਚ ਹੈ, ਉਹ ਸਭ ਦਾ ਸੰਘਾਰਕ ਅਤੇ ਸਭ ਤੋਂ ਨਿਰਾਲਾ ('ਅਨਭੇਖ') ਹੈ; ਉਸ ਦੇ ਰੂਪ ਰੰਗ ਅਤੇ ਆਕਾਰ ('ਰੇਖ') ਨੂੰ ਸਾਰੇ ਸ਼ਾਸਤ੍ਰ ਜਾਣਦੇ ਤਕ ਨਹੀਂ, ਉਸ ਦਾ ਵੇਦ, ਪੁਰਾਣ (ਆਦਿ ਸਾਰੇ ਧਰਮ ਗ੍ਰੰਥ) ਸ੍ਰੇਸ਼ਠ ਅਤੇ ਬੇਅੰਤ ਰੂਪ ਵਿਚ ਸਦਾ ਵਰਣਨ ਕਰਦੇ ਹਨ। ਕਰੋੜਾਂ ਸਮ੍ਰਿਤੀਆਂ, ਪੁਰਾਣਾਂ ਅਤੇ ਸ਼ਾਸਤ੍ਰਾਂ ਦੁਆਰਾ ਉਹ ਚਿਤਵਿਆ ਨਹੀਂ ਜਾ ਸਕਦਾ।੮੬।

ਮਧੁਭਾਰ ਛੰਦ। ਤੇਰੀ ਕ੍ਰਿਪਾ ਨਾਲ

(ਹੇ ਪ੍ਰਭੂ! ਤੂੰ) ਉਦਾਰਤਾ ਆਦਿ ਗੁਣਾਂ ਦਾ ਸਮੂਹ ਹੈਂ, ਅਪਾਰ ਮਹਿਮਾ ਵਾਲਾ ਹੈਂ, ਸਥਿਰ ਆਸਣ ਵਾਲਾ ਹੈਂ, ਤੇਰੀ ਉਪਮਾ ਨਿਰਾਧਾਰ (ਅਨੰਗ) ਹੈ।੮੭। (ਹੇ ਪ੍ਰਭੂ! ਤੂੰ) ਸੁਤਹ ਗਿਆਨ ਦਾ ਪ੍ਰਕਾਸ਼ਕ ਹੈਂ ਅਤੇ ਰਾਤ ਦਿਨ ਨਸ਼ਟ ਨ ਹੋਣ ਵਾਲਾ ਹੈਂ, ਗੋਡਿਆਂ ਤਕ ਲੰਬੀਆਂ ਬਾਂਹਵਾਂ ਵਾਲਾ ਹੈਂ, ਸ਼ਾਹਾਂ ਦਾ ਸ਼ਾਹ (ਸਭ ਤੋਂ ਉਪਰ) ਹੈਂ।੮੮। (ਹੇ ਪ੍ਰਭੂ! ਤੂੰ) ਰਾਜਿਆਂ ਦਾ ਰਾਜਾ ਹੈਂ, ਸੂਰਜਾਂ ਦਾ ਸੂਰਜ ਹੈਂ, ਦੇਵਤਿਆਂ ਦਾ ਦੇਵਤਾ ਹੈਂ, ਮਹਾਨ ਉਪਮਾ ਵਾਲਾ ਹੈਂ।੮੯। (ਹੇ ਪ੍ਰਭੂ! ਤੂੰ) ਇੰਦਰਾਂ ਦਾ ਇੰਦਰ ਹੈਂ, ਬਾਲਾਂ ਦਾ ਬਾਲ (ਸਰਲ ਸੁਭਾ ਵਾਲਾ) ਹੈਂ, ਗਰੀਬਾਂ ਦਾ ਵੀ ਗਰੀਬ ਹੈਂ, ਕਾਲਾਂ ਦਾ ਵੀ ਕਾਲ ਹੈਂ।੯੦। (ਹੇ ਪ੍ਰਭੂ! ਤੇਰਾ) ਸ਼ਰੀਰ (ਪੰਜ) ਭੂਤਾਂ ਤੋਂ ਬਿਨਾ ਹੈ, (ਤੇਰੀ) ਚਮਕ ਸਥਾਈ (ਅਭੰਗ) ਹੈ, ਗਤੀ ਅਤੇ ਸੀਮਾ ਅਪਾਰ ਹੈ, (ਤੂੰ) ਉਦਾਰਤਾ ਆਦਿ ਗੁਣਾਂ ਦਾ ਸਮੂਹ ਹੈਂ।੯੧। (ਹੇ ਪ੍ਰਭੂ! ਤੈਨੂੰ) ਸਾਰੇ ਮੁਨੀ ਪ੍ਰਨਾਮ ਕਰਦੇ ਹਨ, (ਤੂੰ) ਭੈ-ਰਹਿਤ ਅਤੇ ਨਿਸ਼ਕਾਮ ਹੈਂ, (ਤੇਰਾ) ਤੇਜ-ਪ੍ਰਕਾਸ਼ ਅਤਿਅੰਤ ਪ੍ਰਚੰਡ ਹੈ, (ਤੇਰੀ) ਗਤੀ ਅਤੇ ਸੀਮਾ ਅਖੰਡ (ਸਥਿਰ) ਹੈ।੯੨। (ਹੇ ਪ੍ਰਭੂ! ਤੇਰੇ) ਸਾਰੇ ਕਰਮ ਬਿਨਾ ਕੀਤੇ ਹੋ ਰਹੇ ਹਨ, ਤੇਰਾ ਧਰਮ ਆਦਰਸ਼ ਰੂਪ ('ਆਦ੍ਰਿਸ੍ਯ') ਹੈ, (ਤੂੰ) ਸਭ ਦਾ ਪ੍ਰਤਿਪਾਲਕ ਹੈਂ, ਨਿਸ਼ਚੇ ਹੀ ਬਿਨਾ ਦੰਡ ਦੇ ਹੈਂ।੯੩।

ਚਾਚਰੀ ਛੰਦ। ਤੇਰੀ ਕ੍ਰਿਪਾ ਨਾਲ

(ਹੇ ਪ੍ਰਭੂ! ਤੂੰ) ਸਾਰੀ ਸ੍ਰਿਸ਼ਟੀ ਦੀ ਪਾਲਣਾ ਕਰਨ ਵਾਲਾ, ਸਭ ਨੂੰ ਮੁਕਤੀ ਦੇਣ ਵਾਲਾ, ਉਦਾਰ-ਚਿਤ ਅਤੇ ਅਪਰ-ਅਪਾਰ ਹੈਂ।੯੪। (ਹੇ ਪ੍ਰਭੂ! ਤੂੰ) ਸਾਰਿਆਂ ਜੀਵਾਂ ਦਾ ਨਾਸ਼ ਕਰਨ ਵਾਲਾ, ਸਾਰਿਆਂ ਨੂੰ ਬਣਾਉਣ ਵਾਲਾ, ਨਾਮ ਤੋਂ ਰਹਿਤ ਅਤੇ ਕਾਮਨਾਵਾਂ ਤੋਂ ਮੁਕਤ ਹੈਂ।੯੫।

ਭੁਜੰਗ ਪ੍ਰਯਾਤ ਛੰਦ

ਚਤ੍ਰ ਚਕ੍ਰ ਕਰਤਾ। ਚਤ੍ਰ ਚਕ੍ਰ ਹਰਤਾ।
ਚਤ੍ਰ ਚਕ੍ਰ ਦਾਨੇ। ਚਤ੍ਰ ਚਕ੍ਰ ਜਾਨੇ। ੧। ੯੬।
ਚਤ੍ਰ ਚਕ੍ਰ ਵਰਤੀ। ਚਤ੍ਰ ਚਕ੍ਰ ਭਰਤੀ।
ਚਤ੍ਰ ਚਕ੍ਰ ਪਾਲੇ। ਚਤ੍ਰ ਚਕ੍ਰ ਕਾਲੇ। ੨। ੯੭।
ਚਤ੍ਰ ਚਕ੍ਰ ਪਾਸੇ। ਚਤ੍ਰ ਚਕ੍ਰ ਵਾਸੇ।
ਚਤ੍ਰ ਚਕ੍ਰ ਮਾਨ੍ਯੈ। ਚਤ੍ਰ ਚਕ੍ਰ ਦਾਨ੍ਯੈ। ੩। ੯੮।

ਚਾਚਰੀ ਛੰਦ

ਨ ਸਤ੍ਰੈ। ਨ ਮਿਤ੍ਰੈ। ਨ ਭਰਮੰ। ਨ ਭਿਤ੍ਰੈ। ੧। ੯੯।
ਨ ਕਰਮੰ। ਨ ਕਾਏ। ਅਜਨਮੰ। ਅਜਾਏ। ੨। ੧੦੦।
ਨ ਚਿਤ੍ਰੈ। ਨ ਮਿਤ੍ਰੈ। ਪਰੇ ਹੈ। ਪਵਿਤ੍ਰੈ। ੩। ੧੦੧।
ਪ੍ਰਿਥੀਸੈ। ਅਦੀਸੈ। ਅਦ੍ਰਿਸੈ। ਅਕ੍ਰਿਸੈ। ੪। ੧੦੨।

ਭਗਵਤੀ ਛੰਦ। ਤ੍ਵਪ੍ਰਸਾਦਿ ਕਥਤੇ

ਕਿ ਆਛਿਜ ਦੇਸੈ। ਕਿ ਆਭਿਜ ਭੇਸੈ।
ਕਿ ਆਗੰਜ ਕਰਮੈ। ਕਿ ਆਭੰਜ ਭਰਮੈ। ੧। ੧੦੩।
ਕਿ ਆਭਿਜ ਲੋਕੈ। ਕਿ ਆਦਿਤ ਸੋਕੈ।
ਕਿ ਅਵਧੂਤ ਬਰਨੈ। ਕਿ ਬਿਭੂਤ ਕਰਨੈ। ੨। ੧੦੪।
ਕਿ ਰਾਜੰ ਪ੍ਰਭਾ ਹੈਂ। ਕਿ ਧਰਮ ਧੁਜਾ ਹੈਂ।
ਕਿ ਆਸੋਕ ਬਰਨੈ। ਕਿ ਸਰਬਾ ਅਭਰਨੈ। ੩। ੧੦੫।
ਕਿ ਜਗਤੰ ਕ੍ਰਿਤੀ ਹੈਂ। ਕਿ ਛਤ੍ਰੰ ਛਤ੍ਰੀ ਹੈਂ।
ਕਿ ਬ੍ਰਹਮੰ ਸਰੂਪੈ। ਕਿ ਅਨਭਉ ਅਨੂਪੈ। ੪। ੧੦੬।
ਕਿ ਆਦਿ ਅਦੇਵ ਹੈਂ। ਕਿ ਆਪਿ ਅਭੇਵ ਹੈਂ।
ਕਿ ਚਿਤ੍ਰੰ ਬਿਹੀਨੈ। ਕਿ ਏਕੈ ਅਧੀਨੈ। ੫। ੧੦੭।

ਕਿ ਰੋਜੀ ਰਜਾਕੈ। ਰਹੀਮੈ ਰਿਹਾਕੈ।
ਕਿ ਪਾਕ ਬਿਐਬ ਹੈਂ। ਕਿ ਗੈਬੁਲ ਗੈਬ ਹੈਂ। ੬। ੧੦੮।
ਕਿ ਅਫਵੁਲ[੧] ਗੁਨਾਹ ਹੈਂ। ਕਿ ਸਾਹਾਨ ਸਾਹ ਹੈਂ।
ਕਿ ਕਾਰਨ ਕੁਨਿੰਦ ਹੈਂ। ਕਿ ਰੋਜੀ ਦਿਹਿੰਦ ਹੈਂ। ੭। ੧੦੯।
ਕਿ ਰਾਜਕ ਰਹੀਮ ਹੈਂ। ਕਿ ਕਰਮੰ ਕਰੀਮ ਹੈਂ।
ਕਿ ਸਰਬੰ ਕਲੀ ਹੈਂ। ਕਿ ਸਰਬੰ ਦਲੀ ਹੈਂ। ੮। ੧੧੦।
ਕਿ ਸਰਬਤ੍ਰ ਮਾਨਿਯੈ। ਕਿ ਸਰਬਤ੍ਰ ਦਾਨਿਯੈ।
ਕਿ ਸਰਬਤ੍ਰ ਗਉਨੈ। ਕਿ ਸਰਬਤ੍ਰ ਭਉਨੈ। ੯। ੧੧੧।
ਕਿ ਸਰਬਤ੍ਰ ਦੇਸੈ। ਕਿ ਸਰਬਤ੍ਰ ਭੇਸੈ।
ਕਿ ਸਰਬਤ੍ਰ ਰਾਜੈ। ਕਿ ਸਰਬਤ੍ਰ ਸਾਜੈ। ੧੦। ੧੧੨।

੧. 'ਅਫੁਅਲ'

ਭੁਜੰਗ ਪ੍ਰਯਾਤ ਛੰਦ

(ਹੇ ਪ੍ਰਭੂ! ਤੂੰ) ਚੌਹਾਂ ਚੱਕਾਂ (ਦਿਸ਼ਾਵਾਂ) ਦਾ ਕਰਤਾ ਅਤੇ ਸੰਘਾਰਕ ਹੈਂ, ਸਭ ਨੂੰ ਦੇਣ ਵਾਲਾ ਅਤੇ ਸਭ ਨੂੰ ਜਾਣਨ ਵਾਲਾ ਹੈਂ।੯੬। (ਹੇ ਪ੍ਰਭੂ! ਤੂੰ) ਚੌਹਾਂ ਚੱਕਾਂ ਵਿਚ ਵਿਚਰਨ ਵਾਲਾ ਅਤੇ ਪੋਸ਼ਣ ਕਰਨ ਵਾਲਾ ਹੈਂ, ਸਭ ਦੀ ਪਾਲਨਾ ਕਰਨ ਵਾਲਾ ਅਤੇ ਸਭ ਦਾ ਨਾਸ਼ ਕਰਨ ਵਾਲਾ ਹੈਂ।੯੭। (ਹੇ ਪ੍ਰਭੂ! ਤੂੰ) ਚੌਹਾਂ ਚੱਕਾਂ ਵਾਲਿਆਂ ਦੇ ਕੋਲ ਹੈਂ, ਚੌਹਾਂ ਚੱਕਾਂ ਵਿਚ ਵਸਦਾ ਹੈਂ, ਚੌਹਾਂ ਚੱਕਾਂ ਵਿਚ ਤੇਰੀ ਮਾਨਤਾ ਹੈ, ਚੌਹਾਂ ਚੱਕਾਂ ਨੂੰ ਦੇਣ ਵਾਲਾ ਹੈਂ।੯੮।

ਚਾਚਰੀ ਛੰਦ

(ਹੇ ਪ੍ਰਭੂ! ਤੇਰਾ) ਨ ਕੋਈ ਵੈਰੀ ਹੈ, ਨ ਕੋਈ ਮਿਤਰ ਹੈ, (ਤੈਨੂੰ) ਨ ਕੋਈ ਭਰਮ ਹੈ ਅਤੇ ਨ ਹੀ ਕੋਈ ਡਰ ਹੈ।੯੯। (ਹੇ ਪ੍ਰਭੂ! ਤੇਰਾ) ਨ ਕੋਈ ਕਰਮ ਹੈ, ਨ ਸ਼ਰੀਰ ਹੈ, (ਤੂੰ) ਨ ਜਨਮ ਲੈਂਦਾ ਹੈਂ, (ਤੇਰਾ) ਨ ਕੋਈ ਸਥਾਨ ਹੈ।੧੦੦। (ਹੇ ਪ੍ਰਭੂ! ਤੇਰਾ) ਨ ਕੋਈ ਚਿਤਰ ਹੈ, ਨ ਕੋਈ ਮਿਤਰ ਹੈ, ਤੂੰ ਸਭ ਤੋਂ ਪਰੇ ਅਤੇ ਸ਼ੁੱਧ-ਸਰੂਪ ਹੈਂ।੧੦੧। (ਹੇ ਪ੍ਰਭੂ! ਤੂੰ) ਪ੍ਰਿਥਵੀ ਦਾ ਸੁਆਮੀ ਹੈਂ, ਅਣਦਿਸ ਹੈਂ, ਦ੍ਰਿਸ਼ਟਮਾਨ ਨਹੀਂ ਹੈ, ਬਲ-ਹੀਨ ਨਹੀਂ ਹੈਂ।੧੦੨।

ਭਗਵਤੀ ਛੰਦ। ਤੇਰੀ ਕ੍ਰਿਪਾ ਨਾਲ ਕਹਿੰਦਾ ਹਾਂ

(ਹੇ ਪ੍ਰਭੂ!) ਤੇਰਾ ਦੇਸ (ਸਥਾਨ) ਨਾਸ਼-ਰਹਿਤ ਹੈ, ਤੇਰਾ ਸਰੂਪ (ਭੇਸ) ਸਦੀਵੀ ਹੈ, ਤੇਰਾ ਕਰਮ ਨਸ਼ਟ ਨਹੀਂ ਹੁੰਦਾ, ਤੂੰ ਭਰਮਾਂ ਨੂੰ ਤੋੜਨ ਵਾਲਾ ਹੈਂ।੧੦੩। (ਹੇ ਪ੍ਰਭੂ!) ਤੂੰ ਤਿੰਨਾਂ ਲੋਕਾਂ ਤੋਂ ਨਿਰਲੇਪ ਹੈਂ, ਤੂੰ ਸੂਰਜ ('ਆਦਿਤ') ਦੇ ਤੇਜ ਨੂੰ ਖ਼ਤਮ ਕਰ ਸਕਦਾ ਹੈਂ, ਤੂੰ ਪਵਿਤਰ (ਮਾਇਆ ਤੋਂ ਅਪ੍ਰਭਾਵਿਤ) ਰੰਗ (ਸਰੂਪ) ਵਾਲਾ ਹੈਂ, ਤੂੰ ਐਸ਼ਵਰਜ (ਵਿਭੂਤੀਆਂ) ਦਾ ਕਰਤਾ ਹੈਂ।੧੦੪। (ਹੇ ਪ੍ਰਭੂ!) ਤੂੰ ਰਾਜਿਆਂ ਦਾ ਤੇਜ ਹੈਂ, ਤੂੰ ਧਰਮਾਂ ਦਾ ਨਿਸ਼ਾਨ (ਝੰਡਾ) ਹੈਂ, ਤੂੰ ਸ਼ੋਕ-ਰਹਿਤ ਸਰੂਪ ਵਾਲਾ ਹੈਂ, ਤੂੰ ਸਾਰਿਆਂ ਦਾ ਸ਼ਿੰਗਾਰ ਹੈਂ।੧੦੫। (ਹੇ ਪ੍ਰਭੂ!) ਤੂੰ ਜਗਤ ਦਾ ਕਰਤਾ ਹੈਂ, ਤੂੰ ਛਤ੍ਰੀਆਂ (ਵੀਰਾਂ) ਦਾ ਵੀ ਛਤ੍ਰੀ ਹੈਂ, ਤੂੰ ਬ੍ਰਹਮ-ਸਰੂਪੀ ਹੈਂ, ਤੂੰ ਭੈ-ਰਹਿਤ ਅਤੇ ਉਪਮਾ-ਰਹਿਤ ਹੈਂ।੧੦੬। (ਹੇ ਪ੍ਰਭੂ!) ਤੂੰ ਮੁੱਢ-ਕਦੀਮ ਤੋਂ ਨਿਰਨਾਥ (ਬਿਨਾ ਕਿਸੇ ਹੋਰ ਸੁਆਮੀ ਤੋਂ) ਹੈਂ, ਤੂੰ ਆਪ ਭੇਦ-ਰਹਿਤ ਹੈਂ, ਤੂੰ ਚਿਤਰ (ਸਰੂਪ) ਤੋਂ ਬਿਨਾ ਹੈਂ, ਤੂੰ ਇਕੋ ਆਪਣੇ ਅਧੀਨ ਹੀ ਹੈਂ।੧੦੭।

(ਹੇ ਪ੍ਰਭੂ!) ਤੂੰ ਸਭ ਨੂੰ ਨਿੱਤ ਰੋਜ਼ੀ ਦਿੰਦਾ ਹੈਂ, ਤੂੰ ਸਭ ਨੂੰ ਕ੍ਰਿਪਾ ਪੂਰਵਕ ਖ਼ਲਾਸੀ ਦਿੰਦਾ ਹੈਂ, ਤੂੰ ਪਵਿਤਰ ਅਤੇ ਦੋਸ਼-ਰਹਿਤ ਹੈਂ, ਤੂੰ ਗੁਪਤ ਤੋਂ ਵੀ ਗੁਪਤ ਹੈਂ।੧੦੮। (ਹੇ ਪ੍ਰਭੂ!) ਤੂੰ ਪਾਪਾਂ ਨੂੰ ਖਿਮਾ ਕਰਨ ਵਾਲਾ ('ਅਫਵੁਲ') ਹੈਂ, ਤੂੰ ਸ਼ਾਹਾਂ ਦਾ ਸ਼ਾਹ ਹੈਂ, ਤੂੰ ਸਭ ਕਾਰਨਾਂ ਦਾ ਕਰਤਾ ਹੈਂ, ਤੂੰ ਸਭ ਨੂੰ ਰੋਜ਼ੀ ਦੇਣ ਵਾਲਾ ਹੈਂ।੧੦੯। (ਹੇ ਪ੍ਰਭੂ!) ਤੂੰ ਸਭ ਨੂੰ ਰੋਜ਼ੀ ਦੇਣ ਵਾਲਾ ਅਤੇ ਦਿਆਲੂ ਹੈਂ, ਤੂੰ ਮਿਹਰਾਂ ਕਰਨ ਵਾਲਾ ਬਖ਼ਸ਼ਣਹਾਰ ਹੈਂ, ਤੂੰ ਸਾਰੀਆਂ ਸ਼ਕਤੀਆਂ ਵਾਲਾ ਹੈਂ ਅਤੇ ਸਾਰਿਆਂ ਦਾ ਸੰਘਾਰਕ ਹੈਂ।੧੧੦। (ਹੇ ਪ੍ਰਭੂ!) ਸਭ ਥਾਂ ਤੇਰੀ ਮਾਨਤਾ ਹੈ, ਤੂੰ ਸਭ ਨੂੰ ਦੇਣ ਵਾਲਾ ਹੈਂ, ਤੂੰ ਸਭ ਥਾਂ ਗਮਨ ਕਰਦਾ ਹੈਂ ਅਤੇ ਸਾਰਿਆਂ ਭੁਵਨਾਂ (ਲੋਕਾਂ) ਵਿਚ ਮੌਜੂਦ ਹੈਂ।੧੧੧। (ਹੇ ਪ੍ਰਭੂ!) ਤੂੰ ਸਾਰਿਆਂ ਦੇਸ਼ਾਂ ਵਿਚ ਹੈਂ, ਤੂੰ ਸਾਰਿਆਂ ਭੇਸਾਂ ਵਿਚ ਹੈਂ, ਤੂੰ ਸਭ ਥਾਂ ਰਾਜ ਕਰਦਾ ਹੈਂ (ਬਿਰਾਜਮਾਨ ਹੈਂ), ਤੂੰ ਹੀ ਸਭ ਨੂੰ ਸਿਰਜਦਾ ਹੈਂ।੧੧੨।

ਕਿ ਸਰਬਤ੍ਰ ਦੀਨੈ। ਕਿ ਸਰਬਤ੍ਰ ਲੀਨੈ।
ਕਿ ਸਰਬਤ੍ਰ ਜਾਹੋ। ਕਿ ਸਰਬਤ੍ਰ ਭਾਹੋ। ੧੧। ੧੧੩।
ਕਿ ਸਰਬਤ੍ਰ ਦੇਸੈ। ਕਿ ਸਰਬਤ੍ਰ ਭੇਸੈ।
ਕਿ ਸਰਬਤ੍ਰ ਕਾਲੈ। ਕਿ ਸਰਬਤ੍ਰ ਪਾਲੈ। ੧੨। ੧੧੪।
ਕਿ ਸਰਬਤ੍ਰ ਹੰਤਾ। ਕਿ ਸਰਬਤ੍ਰ ਗੰਤਾ।
ਕਿ ਸਰਬਤ੍ਰ ਭੇਖੀ। ਕਿ ਸਰਬਤ੍ਰ ਪੇਖੀ। ੧੩। ੧੧੫।
ਕਿ ਸਰਬਤ੍ਰ ਕਾਜੈ। ਕਿ ਸਰਬਤ੍ਰ ਰਾਜੈ।
ਕਿ ਸਰਬਤ੍ਰ ਸੋਖੈ। ਕਿ ਸਰਬਤ੍ਰ ਪੋਖੈ। ੧੪। ੧੧੬।

ਕਿ ਸਰਬਤ੍ਰ ਤ੍ਰਾਣੈ। ਕਿ ਸਰਬਤ੍ਰ ਪ੍ਰਾਣੈ।
ਕਿ ਸਰਬਤ੍ਰ ਦੇਸੈ। ਕਿ ਸਰਬਤ੍ਰ ਭੇਸੈ। ੧੫। ੧੧੭।
ਕਿ ਸਰਬਤ੍ਰ ਮਾਨਿਯੈ। ਸਦੈਵੰ ਪ੍ਰਧਾਨਿਯੈ।
ਕਿ ਸਰਬਤ੍ਰ ਜਾਪਿਯੈ। ਕਿ ਸਰਬਤ੍ਰ ਥਾਪਿਯੈ। ੧੬। ੧੧੮।
ਕਿ ਸਰਬਤ੍ਰ ਭਾਨੈ। ਕਿ ਸਰਬਤ੍ਰ ਮਾਨੈ।
ਕਿ ਸਰਬਤ੍ਰ ਇੰਦ੍ਰੈ। ਕਿ ਸਰਬਤ੍ਰ ਚੰਦ੍ਰੈ। ੧੭। ੧੧੯।
ਕਿ ਸਰਬੰ ਕਲੀਮੈ। ਕਿ ਪਰਮੰ ਫਹੀਮੈ।
ਕਿ ਆਕਿਲ ਅਲਾਮੈ। ਕਿ ਸਾਹਿਬ ਕਲਾਮੈ। ੧੮। ੧੨੦।

ਕਿ ਹੁਸਨਲ ਵਜੂ ਹੈਂ। ਤਮਾਮੁਲ ਰੁਜੂ ਹੈਂ।
ਹਮੇਸੁਲ ਸਲਾਮੈ। ਸਲੀਖਤ ਮੁਦਾਮੈ। ੧੯। ੧੨੧।
ਗਨੀਮੁਲ ਸਿਕਸਤੈ। ਗਰੀਬੁਲ ਪਰਸਤੈ।
ਬਿਲੰਦੁਲ ਮਕਾਨੈ। ਜਮੀਨਲ ਜਮਾਨੈ। ੨੦। ੧੨੨।
ਤਮੀਜੁਲ ਤਮਾਮੈ। ਰੁਜੂਅਲ ਨਿਧਾਨੈ।
ਹਰੀਫੁਲ ਅਜੀਮੈ। ਰਜਾਇਕ ਯਕੀਨੈ। ੨੧। ੧੨੩।
ਅਨੇਕੁਲ ਤਰੰਗ ਹੈਂ। ਅਭੇਦ ਹੈਂ ਅਭੰਗ ਹੈਂ।
ਅਜੀਜਲ ਨਿਵਾਜ ਹੈਂ। ਗਨੀਮੁਲ ਖਿਰਾਜ ਹੈਂ। ੨੨। ੧੨੪।
ਨਿਰੁਕਤ ਸਰੂਪ ਹੈਂ। ਤ੍ਰਿਮੁਕਤਿ ਬਿਭੂਤਿ ਹੈਂ।
ਪ੍ਰਭੁਗਤਿ ਪ੍ਰਭਾ ਹੈਂ। ਸੁਜੁਗਤਿ ਸੁਧਾ ਹੈਂ। ੨੩। ੧੨੫।

ਸਦੈਵੰ ਸਰੂਪ ਹੈਂ। ਅਭੇਦੀ ਅਨੂਪ ਹੈਂ।
ਸਮਸਤੋਪਰਾਜ ਹੈਂ। ਸਦਾ ਸਰਬ ਸਾਜ ਹੈਂ। ੨੪। ੧੨੬।
ਸਮਸਤੁਲ ਸਲਾਮ ਹੈਂ। ਸਦੈਵੁਲ ਅਕਾਮ ਹੈਂ।
ਨ੍ਰਿਬਾਧ ਸਰੂਪ ਹੈਂ। ਅਗਾਧ[1] ਅਨੂਪ ਹੈਂ। ੨੫। ੧੨੭।
ਓਅੰ ਆਦਿ ਰੂਪੇ। ਅਨਾਦਿ ਸਰੂਪੇ।
ਅਨੰਗੀ ਅਨਾਮੇ। ਤ੍ਰਿਭੰਗੀ ਤ੍ਰਿਕਾਮੇ। ੨੬। ੧੨੮।

੧. 'ਅਗਾਧ ਹੈਂ'

(ਹੇ ਪ੍ਰਭੂ!) ਤੂੰ ਸਭ ਨੂੰ ਦਿੰਦਾ ਹੈਂ, ਸਭ ਤੋਂ ਲੈਂਦਾ ਹੈਂ, ਸਭ ਥਾਂਵਾਂ 'ਤੇ ਤੇਰੀ ਪ੍ਰਭੁਤਾ (ਤੇਜ) ਹੈ, ਸਭ ਥਾਂ ਤੇਰੀ ਹੀ ਸੋਭਾ (ਪ੍ਰਕਾਸ਼) ਹੈ।੧੧੩। (ਹੇ ਪ੍ਰਭੂ!) ਤੂੰ ਸਾਰਿਆਂ ਦੇਸਾਂ ਅਤੇ ਭੇਸਾਂ ਵਿਚ ਹੈਂ, ਤੂੰ ਸਭ ਦਾ ਕਾਲ ਅਤੇ ਸਭ ਦਾ ਪਾਲਕ ਹੈਂ।੧੧੪। (ਹੇ ਪ੍ਰਭੂ!) ਤੂੰ ਸਭ ਦਾ ਸੰਘਾਰਕ ਹੈਂ, ਸਭ ਤਕ ਤੇਰੀ ਪਹੁੰਚ ਹੈ, ਤੂੰ ਸਾਰਿਆਂ ਭੇਖਾਂ ਵਿਚ ਹੈਂ ਅਤੇ ਸਾਰਿਆਂ ਨੂੰ ਵੇਖਣ ਵਾਲਾ ਹੈਂ।੧੧੫। (ਹੇ ਪ੍ਰਭੂ!) ਤੂੰ ਸਭ ਦਾ ਕਾਰਜ (ਭਾਵ ਕਾਰਨ) ਸਰੂਪ ਹੈ, ਤੂੰ ਸਭ ਥਾਂ ਸੋਭ ਰਿਹਾ ਹੈਂ, ਤੂੰ ਸਭ ਨੂੰ ਸੁਕਾਉਂਦਾ (ਨਸ਼ਟ ਕਰਦਾ) ਹੈਂ, ਤੂੰ ਸਭ ਦੀ ਪਾਲਨਾ ਕਰਦਾ ਹੈਂ।੧੧੬।

(ਹੇ ਪ੍ਰਭੂ!) ਤੂੰ ਸਭ ਦਾ ਤ੍ਰਾਣ (ਬਲ) ਹੈਂ, ਤੂੰ ਸਭ ਦਾ ਪ੍ਰਾਣ ਹੈਂ, ਤੂੰ ਸਭ ਦੇਸ਼ਾਂ ਵਿਚ ਮੌਜੂਦ ਹੈਂ ਅਤੇ ਸਾਰਿਆਂ ਭੇਸਾਂ ਵਿਚ ਸਥਿਤ ਹੈਂ।੧੧੭। (ਹੇ ਪ੍ਰਭੂ!) ਤੂੰ ਸਭ ਥਾਂ ਮੰਨਿਆ ਜਾਂਦਾ ਹੈਂ (ਪੂਜਣਯੋਗ ਹੈਂ), ਸਦਾ ਤੂੰ ਹੀ ਪ੍ਰਧਾਨ ਹੈਂ, ਤੂੰ ਸਭ ਥਾਂਵਾਂ ਤੇ ਜਪਿਆ ਜਾਂਦਾ ਹੈਂ, ਸਭ ਥਾਂਵਾਂ ਵਿਚ ਤੂੰ ਹੀ ਸਥਿਤ ਹੈਂ।੧੧੮। (ਹੇ ਪ੍ਰਭੂ!) ਤੂੰ ਸਭ ਦਾ ਪ੍ਰਕਾਸ਼ਕ (ਸੂਰਜ) ਹੈਂ, ਤੂੰ ਸਭ ਦਾ ਮਾਣ ਹੈਂ, ਤੂੰ ਸਭ ਦਾ ਰਾਜਾ (ਇੰਦਰ) ਹੈਂ ਅਤੇ ਸਭ ਨੂੰ ਸ਼ਾਂਤੀ ਦੇਣ ਵਾਲਾ (ਚੰਦ੍ਰਮਾ) ਹੈਂ।੧੧੯। (ਹੇ ਪ੍ਰਭੂ!) ਤੂੰ ਸਭ ਦਾ ਬੋਲ (ਕਲਾਮ) ਹੈਂ, ਤੂੰ ਸ੍ਰੇਸ਼ਠ ਬੁੱਧੀਮਾਨ ਹੈਂ, ਤੂੰ ਵੱਡਾ ਅਕਲਮੰਦ ਹੈਂ, ਤੂੰ ਬੋਲੀਆਂ (ਕਲਾਮ) ਦਾ ਸੁਆਮੀ ਹੈਂ।੧੨੦।

(ਹੇ ਪ੍ਰਭੂ!) ਤੂੰ ਸੁੰਦਰਤਾ (ਹੁਸਨ) ਦੀ ਮੂਰਤੀ (ਵਜੂਦ) ਹੈਂ, ਤੂੰ ਸਭ ਵਲ ਧਿਆਨ ('ਰੁਜੂ') ਦੇਣ ਵਾਲਾ ਹੈਂ, ਤੂੰ ਹਮੇਸ਼ਾ ਸਲਾਮਤ ਰਹਿਣ ਵਾਲਾ ਹੈਂ, ਤੂੰ ਸਥਿਰ ਸੰਤਾਨ ('ਸਲੀਖਤ') ਵਾਲਾ ਹੈਂ।੧੨੧। (ਹੇ ਪ੍ਰਭੂ!) ਤੂੰ ਵੱਡਿਆਂ ਵੈਰੀਆਂ ਨੂੰ ਹਰਾਉਣ ਵਾਲਾ ਹੈਂ, ਤੂੰ ਗਰੀਬਾਂ ਦਾ ਪਾਲਣਹਾਰ ('ਪਰਸਤੈ') ਹੈਂ, ਤੇਰਾ ਸਥਾਨ (ਮਕਾਨ) ਬਹੁਤ ਉੱਚਾ ਹੈ, ਤੂੰ ਧਰਤੀ ਅਤੇ ਆਕਾਸ਼ ਵਿਚ (ਭਾਵ ਸਭ ਵਿਚ) ਵਿਆਪਤ ਹੈਂ।੧੨੨। (ਹੇ ਪ੍ਰਭੂ!) ਤੂੰ ਸਭ ਨੂੰ ਪਛਾਣਨ ਵਾਲਾ (ਤਮੀਜ਼ ਕਰਨ ਵਾਲਾ) ਵਿਵੇਕੀ ਹੈਂ, ਤੂੰ ਸਭ ਵਲ ਧਿਆਨ ਦੇਣ (ਰੁਜੂ ਕਰਨ) ਵਾਲੀ ਰੁਚੀ ਦਾ ਭੰਡਾਰ ਹੈਂ, ਤੂੰ (ਸਭ ਦਾ) ਵੱਡਾ ਮਿਤਰ ਹੈਂ, ਤੂੰ ਨਿਸਚੇ ਹੀ (ਸਭ ਨੂੰ) ਰੋਜ਼ੀ ਦਿੰਦਾ ਹੈਂ।੧੨੩। (ਹੇ ਪ੍ਰਭੂ!) ਤੂੰ ਅਨੇਕ ਲਹਿਰਾਂ ਵਾਲਾ (ਸਾਗਰ) ਹੈਂ, ਤੇਰਾ ਭੇਦ ਨਹੀਂ ਪਾਇਆ ਜਾ ਸਕਦਾ, ਤੂੰ ਨਾਸ਼-ਰਹਿਤ ਹੈਂ, ਤੂੰ ਪਿਆਰਿਆਂ (ਅਜ਼ੀਜ਼ਾਂ) ਨੂੰ ਵਡਿਆਉਣ ਵਾਲਾ ਹੈਂ, ਤੂੰ ਵੈਰੀਆਂ (ਗ਼ਨੀਮਾਂ) ਤੋਂ ਕਰ ('ਖ਼ਿਰਾਜ') ਵਸੂਲ ਕਰਨ ਵਾਲਾ ਹੈਂ (ਅਰਥਾਤ ਸਭ ਤੇਰੇ ਅਧੀਨ ਹਨ)।੧੨੪। (ਹੇ ਪ੍ਰਭੂ!) ਤੇਰਾ ਸਰੂਪ ਬਿਆਨ ਰਹਿਤ ਹੈ, ਤੇਰੀ ਵਿਭੂਤੀ (ਸੰਪੱਤੀ) ਮਾਇਆ ਦੇ ਤਿੰਨਾਂ ਗੁਣਾਂ ਤੋਂ ਪਰੇ ਹੈ, ਤੇਰੇ ਹੀ ਪ੍ਰਤਾਪ ਤੋਂ ਉਪਭੋਗੀ ਸਾਮਗ੍ਰੀ ਪੈਦਾ ਹੋਈ ਹੈ, ਤੂੰ ਅੰਮ੍ਰਿਤ ('ਸੁਧਾ') ਨਾਲ ਸੰਯੁਕਤ ਹੈਂ।੧੨੫।

(ਹੇ ਪ੍ਰਭੂ!) ਤੇਰਾ ਸਰੂਪ ਸਦੀਵੀ ਹੈ, ਭੇਦ ਅਤੇ ਉਪਮਾ ਤੋਂ ਰਹਿਤ ਹੈ, ਤੂੰ ਸਭ ਨੂੰ ਉਪਜਾਉਣ ਵਾਲਾ ਹੈਂ ਅਤੇ ਸਭ ਨੂੰ ਸੁਸਜਿਤ ਕਰਨ ਵਾਲਾ ਹੈਂ। ੧੨੬। (ਹੇ ਪ੍ਰਭੂ!) ਤੂੰ ਸਾਰਿਆਂ ਦੁਆਰਾ ਪ੍ਰਨਾਮ ਕਰਨ ਯੋਗ ਹੈਂ, ਤੂੰ ਸਦਾ ਕਾਮਨਾਵਾਂ ਤੋਂ ਮੁਕਤ ਹੈਂ, ਤੂੰ (ਹਰ ਪ੍ਰਕਾਰ ਦੀਆਂ) ਰੁਕਾਵਟਾਂ ਤੋਂ ਰਹਿਤ ਸਰੂਪ ਵਾਲਾ ਹੈਂ, ਨ ਤੇਰਾ ਪਾਰਾਵਾਰ ਪਾਇਆ ਜਾ ਸਕਦਾ ਹੈ ਅਤੇ ਨ ਹੀ ਤੇਰੀ ਉਪਮਾ ਦਿੱਤੀ ਜਾ ਸਕਦੀ ਹੈ।੧੨੭। (ਹੇ ਪ੍ਰਭੂ!) ਤੂੰ ਓਅੰਕਾਰ ਸਰੂਪ ਅਤੇ ਸਭ ਦਾ ਆਦਿ ਹੈਂ, ਤੂੰ ਸਾਰਿਆਂ ਦਾ ਸਰੋਤ-ਰੂਪ ਹੈਂ, ਤੂੰ ਸ਼ਰੀਰ ਤੋਂ ਬਿਨਾ ('ਅਨੰਗ') ਅਤੇ ਨਾਮ ਤੋਂ ਰਹਿਤ ਹੈਂ, ਤੂੰ ਤਿੰਨਾਂ ਲੋਕਾਂ ਦਾ ਵਿਨਾਸ਼ਕ ਅਤੇ ਤਿੰਨਾਂ ਲੋਕਾਂ ਦੀਆਂ ਕਾਮਨਾਵਾਂ ਪੂਰੀਆਂ ਕਰਨ ਵਾਲਾ ਹੈਂ।੧੨੮।

ਤ੍ਰਿਬਰਗੰ ਤ੍ਰਿਬਾਧੇ। ਅਗੰਜੇ ਅਗਾਧੇ।
ਸੁਭੰ ਸਰਬ ਭਾਗੇ। ਸੁ ਸਰਬਾਨੁਰਾਗੇ। ੨੭। ੧੨੯।
ਤ੍ਰਿਭੁਗਤ ਸਰੂਪ ਹੈਂ। ਅਛਿਜ ਹੈਂ ਅਛੂਤ ਹੈਂ।
ਕਿ ਨਰਕੰ ਪ੍ਰਣਾਸ ਹੈਂ। ਪ੍ਰਿਥੀਉਲ ਪ੍ਰਵਾਸ ਹੈਂ। ੨੮। ੧੩੦।
ਨਿਰੁਕਤਿ ਪ੍ਰਭਾ ਹੈਂ। ਸਦੈਵੰ ਸਦਾ ਹੈਂ।
ਬਿਭੁਗਤਿ ਸਰੂਪ ਹੈਂ। ਪ੍ਰਜੁਗਤਿ ਅਨੂਪ ਹੈਂ। ੨੯। ੧੩੧।
ਨਿਰੁਕਤਿ ਸਦਾ ਹੈਂ। ਬਿਭੁਗਤਿ ਪ੍ਰਭਾ ਹੈਂ।
ਅਨਉਕਤਿ ਸਰੂਪ ਹੈਂ। ਪ੍ਰਜੁਗਤਿ ਅਨੂਪ ਹੈਂ। ੩੦। ੧੩੨।

ਚਾਚਰੀ ਛੰਦ

ਅਭੰਗ ਹੈਂ। ਅਨੰਗ ਹੈਂ।
ਅਭੇਖ ਹੈਂ। ਅਲੇਖ ਹੈਂ। ੧। ੧੩੩।
ਅਭਰਮ ਹੈਂ। ਅਕਰਮ ਹੈਂ।
ਅਨਾਦਿ ਹੈਂ। ਜੁਗਾਦਿ ਹੈਂ। ੨। ੧੩੪।
ਅਜੈ ਹੈਂ। ਅਬੈ ਹੈਂ।
ਅਭੂਤ ਹੈਂ। ਅਧੂਤ ਹੈਂ। ੩। ੧੩੫।
ਅਨਾਸ ਹੈਂ। ਉਦਾਸ ਹੈਂ।
ਅਧੰਧ ਹੈਂ। ਅਬੰਧ ਹੈਂ। ੪। ੧੩੬।

ਅਭਗਤ ਹੈਂ। ਬਿਰਕਤ ਹੈਂ।
ਅਨਾਸ ਹੈਂ। ਪ੍ਰਕਾਸ ਹੈਂ। ੫। ੧੩੭।
ਨਿਚਿੰਤ ਹੈਂ। ਸੁਨਿੰਤ ਹੈਂ।
ਅਲਿਖ ਹੈਂ। ਅਦਿਖ ਹੈਂ। ੬। ੧੩੮।
ਅਲੇਖ ਹੈਂ। ਅਭੇਖ ਹੈਂ।
ਅਢਾਹ ਹੈਂ। ਅਗਾਹ ਹੈਂ। ੭। ੧੩੯।
ਅਸੰਭ ਹੈਂ। ਅਗੰਭ ਹੈਂ।
ਅਨੀਲ ਹੈਂ। ਅਨਾਦਿ ਹੈਂ। ੮। ੧੪੦।
ਅਨਿਤ ਹੈਂ। ਸੁਨਿਤ ਹੈਂ।
ਅਜਾਤ ਹੈਂ। ਅਜਾਦਿ ਹੈਂ। ੯। ੧੪੧।

ਚਰਪਟ ਛੰਦ। ਤ੍ਵਪ੍ਰਸਾਦਿ

ਸਰਬੰ ਹੰਤਾ। ਸਰਬੰ ਗੰਤਾ।
ਸਰਬੰ ਖਿਆਤਾ। ਸਰਬੰ ਗਿਆਤਾ। ੧। ੧੪੨।
ਸਰਬੰ ਹਰਤਾ। ਸਰਬੰ ਕਰਤਾ।
ਸਰਬੰ ਪ੍ਰਾਣੰ। ਸਰਬੰ ਤ੍ਰਾਣੰ। ੨। ੧੪੩ ।
ਸਰਬੰ ਕਰਮੰ। ਸਰਬੰ ਧਰਮੰ।
ਸਰਬੰ ਜੁਗਤਾ। ਸਰਬੰ ਮੁਕਤਾ। ੩। ੧੪੪।

(ਹੇ ਪ੍ਰਭੂ!) ਤੂੰ ਤਿੰਨ ਵਰਗਾਂ (ਅਰਥ, ਧਰਮ ਅਤੇ ਕਾਮ) ਵਾਲਾ ਅਤੇ ਤਿੰਨਾਂ ਲੋਕਾਂ ਨੂੰ ਬੰਨ੍ਹਣ ਵਾਲਾ (ਅਧੀਨ ਰਖਣ ਵਾਲਾ) ਹੈਂ, ਤੂੰ ਨਾਸ਼ ਤੋਂ ਰਹਿਤ ਅਤੇ ਅਥਾਹ ਹੈਂ, ਤੂੰ (ਸੰਸਾਰ ਦੇ) ਸਾਰਿਆਂ ਹਿੱਸਿਆਂ ਵਿਚ ਸ਼ੋਭਾਇਮਾਨ ਹੈਂ, ਤੂੰ ਸਭ ਨੂੰ ਪਿਆਰ ਕਰਨ ਵਾਲਾ ਹੈਂ।੧੨੯। (ਹੇ ਪ੍ਰਭੂ!) ਤੇਰਾ ਸਰੂਪ ਤਿੰਨਾਂ ਲੋਕਾਂ ਨੂੰ ਭੋਗਣ ਵਾਲਾ (ਆਨੰਦ-ਦਾਇਕ) ਹੈ, ਤੇਰਾ ਰੂਪ ਵਿਨਾਸ਼ (ਛਿਜਣ) ਤੋਂ ਰਹਿਤ ਅਤੇ ਪਵਿਤਰ ਹੈ, ਤੂੰ ਨਰਕ ਨੂੰ ਨਸ਼ਟ ਕਰਨ ਵਾਲਾ ਅਤੇ ਪ੍ਰਿਥਵੀ ਉਤੇ ਨਿਵਾਸ ਕਰਨ ਵਾਲਾ ਹੈਂ।੧੩੦। (ਹੇ ਪ੍ਰਭੂ!) ਨ ਵਰਣਨ ਕੀਤੇ ਜਾ ਸਕਣ ਵਾਲਾ ਤੇਰਾ ਤੇਜ ਹੈ, ਤੂੰ ਸਦਾ ਵਰਤਮਾਨ ਹੈਂ, ਤੂੰ ਹੀ ਸਾਰੀ ਭੋਗਣਯੋਗ ਸਾਮਗ੍ਰੀ ਹੈਂ, ਤੂੰ ਸਾਰਿਆਂ ਨਾਲ ਸੰਯੁਕਤ ਅਤੇ ਉਪਮਾ ਤੋਂ ਰਹਿਤ ਹੈਂ। ੧੩੧। (ਹੇ ਪ੍ਰਭੂ!) ਤੂੰ ਸਦਾ ਵਰਣਨ ਤੋਂ ਪਰੇ ਹੈਂ, ਤੇਰੀ ਸੋਭਾ ਵੱਖ ਵੱਖ ਤਰ੍ਹਾਂ ਦੀ ਹੈ, ਤੇਰਾ ਸਰੂਪ ਉਕਤੀ-ਜੁਗਤੀ ਤੋਂ ਰਹਿਤ ਹੈ, ਤੂੰ ਸਭ ਨਾਲ ਸੰਯੁਕਤ ਹੈਂ ਅਤੇ ਉਪਮਾ ਦੇਣ ਦੀ ਸੀਮਾ ਤੋਂ ਪਰੇ ਹੈਂ।੧੩੨।

ਚਾਚਰੀ ਛੰਦ

(ਹੇ ਪ੍ਰਭੂ!) ਤੂੰ ਨਾਸ਼-ਰਹਿਤ ਹੈਂ, ਤੂੰ ਸ਼ਰੀਰ ਰਹਿਤ ਹੈਂ, ਤੂੰ ਭੇਖ ਤੋਂ ਬਿਨਾ ਹੈਂ, ਤੂੰ ਲੇਖੇ ਤੋਂ ਬਾਹਰ ਹੈਂ।੧੩੩। (ਹੇ ਪ੍ਰਭੂ!) ਤੂੰ ਭਰਮ-ਰਹਿਤ ਹੈਂ, ਤੂੰ ਕਰਮ-ਰਹਿਤ ਹੈਂ, ਤੂੰ ਆਦਿ ਤੋਂ ਬਿਨਾ ਹੈਂ, ਤੂੰ ਯੁਗਾਂ ਦੇ ਆਰੰਭ ਤੋਂ ਪਹਿਲਾਂ ਦਾ ਹੈਂ।੧੩੪। (ਹੇ ਪ੍ਰਭੂ!) ਤੂੰ ਜਿਤਿਆ ਨਹੀਂ ਜਾ ਸਕਦਾ, ਤੂੰ ਆਯੂ-ਰਹਿਤ ਹੈਂ, ਤੂੰ ਪੰਜ ਤੱਤ੍ਹਾਂ ਤੋਂ ਮੁਕਤ ਹੈਂ, ਤੂੰ ਡੁਲਾਇਮਾਨ ਨਹੀਂ ਹੁੰਦਾ।੧੩੫। (ਹੇ ਪ੍ਰਭੂ!) ਤੂੰ ਨਾਸ਼-ਰਹਿਤ ਹੈਂ, ਤੂੰ (ਸਭ ਤੋਂ) ਉਪਰਾਮ ਹੈਂ, ਤੂੰ ਸੰਸਾਰਿਕ ਧੰਧਿਆਂ ਤੋਂ ਪਰੇ ਹੈਂ, ਤੂੰ ਬੰਧਨਾਂ ਤੋਂ ਮੁਕਤ ਹੈਂ।੧੩੬।

(ਹੇ ਪ੍ਰਭੂ!) ਤੂੰ ਕਿਸੇ ਦੀ ਭਗਤੀ ਨਹੀਂ ਕਰਦਾ, ਤੂੰ ਵਿਰਕਤ ਹੈਂ, ਤੂੰ ਇੱਛਾ (ਆਸ) ਤੋਂ ਮੁਕਤ ਹੈਂ, ਤੂੰ ਪ੍ਰਕਾਸ਼ ਰੂਪ ਹੈਂ।੧੩੭। (ਹੇ ਪ੍ਰਭੂ!) ਤੂੰ ਚਿੰਤਾ ਤੋਂ ਮੁਕਤ ਹੈਂ, ਤੂੰ ਸਦਾ ਸਦੀਵੀ ਹੈਂ, ਤੂੰ ਲਿਖਿਆ ਨਹੀਂ ਜਾ ਸਕਦਾ, ਤੂੰ ਵੇਖਿਆ ਨਹੀਂ ਜਾ ਸਕਦਾ।੧੩੮। (ਹੇ ਪ੍ਰਭੂ!) ਤੂੰ ਲੇਖੇ ਤੋਂ ਬਾਹਰ ਹੈਂ, ਤੂੰ ਭੇਖਾਂ ਤੋਂ ਰਹਿਤ ਹੈਂ, ਤੈਨੂੰ ਕੋਈ ਡਿਗਾ (ਢਾਹ) ਨਹੀਂ ਸਕਦਾ (ਜਾਂ ਤੇਰਾ ਕੋਈ ਕੰਢਾ ਜਾਂ ਕਿਨਾਰਾ ਨਹੀਂ ਹੈ), ਤੇਰਾ ਕੋਈ ਪਾਰਾਵਾਰ ਨਹੀਂ ਹੈ।੧੩੯। (ਹੇ ਪ੍ਰਭੂ!) ਤੂੰ ਜਨਮ ('ਸੰਭ') ਤੋਂ ਰਹਿਤ ਹੈਂ, ਤੂੰ (ਮਨ-ਬਾਣੀ ਦੀ) ਪਹੁੰਚ ਤੋਂ ਪਰੇ ਹੈਂ, ਤੂੰ ਗਿਣਤੀ ਦੀ ਸੀਮਾ ਤੋਂ ਪਰੇ ਹੈਂ, ਤੇਰਾ ਕੋਈ ਆਦਿ ਨਹੀਂ ਹੈ।੧੪੦। (ਹੇ ਪ੍ਰਭੂ!) ਤੂੰ ਸਦੀਵੀ ਰੂਪ ਵਾਲਾ ਹੈਂ, ਤੂੰ ਸਦਾ ਕਾਇਮ-ਦਾਇਮ ਹੈਂ, ਤੂੰ ਜਨਮ-ਮਰਨ ਤੋਂ ਮੁਕਤ ਹੈਂ, ਤੂੰ ਸਦਾ ਆਜ਼ਾਦ (ਸੁਤੰਤਰ) ਹੈਂ।੧੪੧।

ਚਰਪਟ ਛੰਦ। ਤੇਰੀ ਕ੍ਰਿਪਾ ਨਾਲ

(ਹੇ ਪ੍ਰਭੂ!) ਤੂੰ ਸਭ ਨੂੰ ਮਾਰਨ ਵਾਲਾ ਹੈਂ, ਤੂੰ ਸਭ ਨੂੰ ਜਾਣਨ ਵਾਲਾ ਹੈ, ਤੂੰ ਸਭ ਵਿਚ ਪ੍ਰਸਿੱਧ ('ਖਿਆਤਾ') ਹੈਂ, ਤੂੰ ਸਭ ਬਾਰੇ ਜਾਣਕਾਰ ਹੈਂ।੧੪੨। (ਹੇ ਪ੍ਰਭੂ!) ਤੂੰ ਸਭ ਦਾ ਜੀਵਨ ਲੈਣ ਵਾਲਾ ਅਤੇ ਸਭ ਦਾ ਕਰਤਾ ਹੈਂ, ਤੂੰ ਸਭ ਦਾ ਪ੍ਰਾਣ (ਜੀਵਨ) ਅਤੇ ਸਭ ਦਾ ਤ੍ਰਾਣ (ਬਲ) ਹੈਂ।੧੪੩। (ਹੇ ਪ੍ਰਭੂ!) ਤੂੰ ਸਭ ਦਾ ਕਰਮ-ਸਰੂਪ ਹੈਂ, ਤੂੰ ਸਭ ਧਰਮਾਂ ਵਿਚ ਮੌਜੂਦ ਹੈਂ, ਤੂੰ ਸਭ ਨਾਲ ਸੰਯੁਕਤ ਹੈਂ ਅਤੇ ਸਾਰਿਆਂ ਤੋਂ ਮੁਕਤ ਹੈਂ।੧੪੪।

ਰਸਾਵਲ ਛੰਦ। ਤ੍ਵਪ੍ਰਸਾਦਿ

ਨਮੋ ਨਰਕ ਨਾਸੇ। ਸਦੈਵੰ ਪ੍ਰਕਾਸੇ।
ਅਨੰਗੰ[1] ਸਰੂਪੇ। ਅਭੰਗੰ[2] ਬਿਭੂਤੇ। ੧। ੧੪੫।
ਪ੍ਰਮਾਥੰ ਪ੍ਰਮਾਥੇ। ਸਦਾ ਸਰਬ ਸਾਥੇ।
ਅਗਾਧ ਸਰੂਪੇ। ਨ੍ਰਿਬਾਧ ਬਿਭੂਤੇ। ੨। ੧੪੬।
ਅਨੰਗੀ ਅਨਾਮੇ। ਤ੍ਰਿਭੰਗੀ ਤ੍ਰਿਕਾਮੇ।
ਨ੍ਰਿਭੰਗੀ ਸਰੂਪੇ। ਸਰਬੰਗੀ ਅਨੂਪੇ। ੩। ੧੪੭।
ਨ ਪੋਤ੍ਰੈ ਨ ਪੁਤ੍ਰੈ। ਨ ਸਤ੍ਰੈ ਨ ਮਿਤ੍ਰੈ।
ਨ ਤਾਤੈ ਨ ਮਾਤੈ। ਨ ਜਾਤੈ ਨ ਪਾਤੈ। ੪। ੧੪੮।
ਨ੍ਰਿਸਾਕੰ ਸਰੀਕ ਹੈਂ। ਅਮਿਤੋ ਅਮੀਕ ਹੈਂ।
ਸਦੈਵੰ ਪ੍ਰਭਾ ਹੈਂ। ਅਜੈ ਹੈਂ ਅਜਾ ਹੈਂ। ੫। ੧੪੯।

ਭਗਵਤੀ ਛੰਦ। ਤ੍ਵਪ੍ਰਸਾਦਿ

ਕਿ ਜਾਹਿਰ ਜਹੂਰ ਹੈਂ। ਕਿ ਹਾਜਿਰ ਹਜੂਰ ਹੈਂ।
ਹਮੇਸੁਲ ਸਲਾਮ ਹੈਂ। ਸਮਸਤੁਲ ਕਲਾਮ ਹੈਂ। ੧। ੧੫0।
ਕਿ ਸਾਹਿਬ ਦਿਮਾਗ ਹੈਂ। ਕਿ ਹੁਸਨੁਲ ਚਰਾਗ ਹੈਂ।
ਕਿ ਕਾਮਲ ਕਰੀਮ ਹੈਂ। ਕਿ ਰਾਜਕ ਰਹੀਮ ਹੈਂ। ੨। ੧੫੧।[3]
ਕਿ ਰੋਜੀ ਦਿਹਿੰਦ ਹੈਂ। ਕਿ ਰਾਜਕ ਰਹਿੰਦ ਹੈਂ।
ਕਰੀਮੁਲ ਕਮਾਲ ਹੈਂ। ਕਿ ਹੁਸਨੁਲ ਜਮਾਲ ਹੈਂ। ੩। ੧੫੨।
ਗਨੀਮੁਲ ਖਿਰਾਜ ਹੈਂ। ਗਰੀਬੁਲ ਨਿਵਾਜ ਹੈਂ।
ਹਰੀਫੁਲ ਸਿਕੰਨ ਹੈਂ। ਹਿਰਾਸੁਲ ਫਿਕੰਨ ਹੈਂ। ੪। ੧੫੩।
ਕਲੰਕੰ ਪ੍ਰਣਾਸ ਹੈਂ। ਸਮਸਤੁਲ ਨਿਵਾਸ ਹੈਂ।
ਅਗੰਜੁਲ ਗਨੀਮ ਹੈਂ। ਰਜਾਇਕ ਰਹੀਮ ਹੈ। ੫। ੧੫੪।
ਸਮਸਤੁਲ ਜੁਬਾਂ ਹੈਂ। ਕਿ ਸਾਹਿਬ ਕਿਰਾ ਹੈਂ।
ਕਿ ਨਰਕੰ ਪ੍ਰਣਾਸ ਹੈਂ। ਬਹਿਸਤੁਲ ਨਿਵਾਸ ਹੈਂ। ੬। ੧੫੫।

ਕਿ ਸਰਬੁਲ ਗਵੰਨ ਹੈਂ। ਹਮੇਸੁਲ ਰਵੰਨ ਹੈ।
ਤਮਾਮੁਲ ਤਮੀਜ ਹੈਂ। ਸਮਸਤੁਲ ਅਜੀਜ ਹੈਂ। ੭। ੧੫੬।
ਪਰੰ ਪਰਮ ਈਸ ਹੈਂ। ਸਮਸਤੁਲ ਅਦੀਸ ਹੈਂ।
ਅਦੇਸੁਲ ਅਲੇਖ ਹੈਂ। ਹਮੇਸੁਲ ਅਭੇਖ ਹੈਂ। ੮। ੧੫੭।
ਜਮੀਨੁਲ ਜਮਾਂ ਹੈਂ। ਅਮੀਕੁਲ[4] ਇਮਾਂ ਹੈਂ।
ਕਰੀਮੁਲ ਕਮਾਲ ਹੈਂ। ਕਿ ਜੁਰਅਤ ਜਮਾਲ ਹੈਂ। ੯। ੧੫੮।
ਕਿ ਅਚਲੰ ਪ੍ਰਕਾਸ ਹੈਂ। ਕਿ ਅਮਿਤੋ ਸੁਬਾਸ ਹੈਂ।
ਕਿ ਅਜਬ ਸਰੂਪ ਹੈਂ। ਕਿ ਅਮਿਤੋ ਬਿਭੂਤਿ ਹੈਂ। ੧0। ੧੫੯।

---

੧ 'ਅਨੰਗੀ' ੨. 'ਅਭੰਗੀ' ੩. ਕਈ ਬੀੜਾਂ ਵਿਚ ਇਥੇ ਛੰਦ ਅੰਕ ਨ ਦੇ ਕੇ ਅੱਠ ਚਰਣਾਂ ਤੋਂ ਬਾਦ ਛੰਦ ਅੰਕ ੧੫0 ਦਿੱਤਾ ਹੋਇਆ ਹੈ ਜਿਸ ਕਰਕੇ ਛੰਦ ਗਿਣਤੀ ਇਕ ਘਟ ਹੋ ਗਈ ਹੈ ੪. 'ਅਨੀਕੁਲ'

ਰਸਾਵਲ ਛੰਦ। ਤੇਰੀ ਕ੍ਰਿਪਾ ਨਾਲ

ਹੇ ਨਰਕਾਂ ਨੂੰ ਨਸ਼ਟ ਕਰਨ ਵਾਲੇ! ਹੇ ਸਦਾ ਪ੍ਰਕਾਸ਼ਿਤ ਰਹਿਣ ਵਾਲੇ! ਹੇ ਸ਼ਰੀਰ-ਰਹਿਤ ਰੂਪ ਵਾਲੇ! ਹੇ ਨਸ਼ਟ ਨ ਹੋਣ ਵਾਲੀ ਸੰਪੱਤੀ ਵਾਲੇ! (ਤੈਨੂੰ) ਨਮਸਕਾਰ ਹੈ।੧੪੫। ਹੇ ਦੁਖ ਦੇਣ ਵਾਲਿਆਂ ਨੂੰ ਨਸ਼ਟ ਕਰਨ ਵਾਲੇ! ਹੇ ਸਦਾ ਸਭ ਦੇ ਮੱਦਦਗਾਰ ਹੋਣ ਵਾਲੇ! ਹੇ ਸਦਾ ਅਗਾਧ ਸਰੂਪ ਵਾਲੇ! ਹੇ ਨਿਰਵਿਘਨ ਸੰਪੱਤੀ ਵਾਲੇ! (ਤੈਨੂੰ ਨਮਸਕਾਰ ਹੈ)।੧੪੬। ਹੇ ਅੰਗ (ਸ਼ਰੀਰ) ਅਤੇ ਨਾਮ ਤੋਂ ਰਹਿਤ! ਹੇ ਤਿੰਨਾਂ ਲੋਕਾਂ ਨੂੰ ਨਸ਼ਟ ਕਰਨ ਵਾਲੇ ਅਤੇ ਤਿੰਨਾਂ ਦੀਆਂ ਕਾਮਨਾਵਾਂ ਪੂਰੀਆਂ ਕਰਨ ਵਾਲੇ! ਹੇ ਅਵਿਨਾਸ਼ੀ ਸਰੂਪ ਵਾਲੇ! ਹੇ ਸਾਰਿਆਂ ਦੇ ਸਾਥੀ ਅਤੇ ਉਪਮਾ ਤੋਂ ਰਹਿਤ! (ਤੈਨੂੰ ਨਮਸਕਾਰ ਹੈ)।੧੪੭। (ਹੇ ਪ੍ਰਭੂ!) ਤੇਰਾ ਨ ਕੋਈ ਪੁੱਤਰ ਹੈ ਅਤੇ ਨ ਹੀ ਪੋਤਰਾ, ਨ ਕੋਈ ਵੈਰੀ ਹੈ ਅਤੇ ਨ ਹੀ ਕੋਈ ਮਿਤਰ ਹੈ, ਨ ਤੇਰਾ ਕੋਈ ਪਿਤਾ ਹੈ ਨ ਮਾਤਾ, ਨ ਤੇਰੀ ਕੋਈ ਜਾਤਿ ਹੈ ਅਤੇ ਨ ਹੀ ਭਾਈਚਾਰਾ।੧੪੮। (ਹੇ ਪ੍ਰਭੂ!) ਤੇਰਾ ਨ ਤਾਂ ਕੋਈ ਸਾਕ ਹੈ, ਨ ਹੀ ਸ਼ਰੀਕ ਹੈ, ਤੂੰ ਅਮਿਤ ਅਤੇ ਅਪਾਰ ਹੈਂ, ਤੂੰ ਸਦਾ ਪ੍ਰਕਾਸ਼ਮਾਨ ਹੈਂ, ਤੂੰ ਅਜਿਤ ਅਤੇ ਅਜਨਮਾ ਹੈਂ।੧੪੯।

ਭਗਵਤੀ ਛੰਦ। ਤੇਰੀ ਕ੍ਰਿਪਾ ਨਾਲ

(ਹੇ ਪ੍ਰਭੂ!) ਤੂੰ ਪ੍ਰਗਟ ਰੂਪ ਵਿਚ ਪ੍ਰਕਾਸ਼ਮਾਨ ਹੈਂ, ਤੂੰ ਸਾਹਮਣੇ ਮੌਜੂਦ ਹੈਂ, ਤੂੰ ਹਮੇਸ਼ਾ ਸਲਾਮਤ ਹੈਂ ਅਤੇ ਸਭ ਵਿਚ ਤੇਰੇ ਹੀ ਬੋਲ ('ਕਲਾਮ') ਹਨ।੧੫0। (ਹੇ ਪ੍ਰਭੂ!) ਤੂੰ ਸ੍ਰੇਸ਼ਠ ਬੁੱਧੀ ਦਾ ਮਾਲਕ ਹੈਂ, ਤੂੰ ਹੁਸਨ ਦਾ ਦੀਪਕ ਹੈਂ, ਤੂੰ ਪਰਮ ਬਖਸ਼ਿੰਦ ਹੈਂ, ਤੂੰ ਰੋਜ਼ੀ ਦੇਣ ਵਾਲਾ ਦਿਆਲੂ ਹੈਂ।੧੫੧। (ਹੇ ਪ੍ਰਭੂ!) ਤੂੰ ਰੋਜ਼ੀ ਦੇਣ ਵਾਲਾ ਹੈਂ, ਤੂੰ ਮੁਕਤੀ ਪ੍ਰਦਾਨ ਕਰਨ ਵਾਲਾ ਦਇਆਵਾਨ ਹੈਂ, ਤੂੰ ਸ੍ਰੇਸ਼ਠ ('ਕਮਾਲ') ਕ੍ਰਿਪਾਲੂ ਹੈਂ, ਤੂੰ ਅਤਿਅੰਤ ਸੁੰਦਰ ਹੈਂ।੧੫੨। (ਹੇ ਪ੍ਰਭੂ!) ਤੂੰ ਵੈਰੀਆਂ ਤੋਂ ਵੀ ਕਰ ਵਸੂਲਣ ਵਾਲਾ ਹੈਂ (ਅਰਥਾਤ ਸਭ ਨੂੰ ਅਧੀਨ ਰਖਣ ਵਾਲਾ ਹੈਂ), ਤੂੰ ਗ਼ਰੀਬਾਂ ਨੂੰ ਵਡਿਆਉਣ ਵਾਲਾ ਹੈਂ, ਤੂੰ ਵੈਰੀਆਂ ਦਾ ਨਾਸ਼ਕ ਹੈਂ, ਤੂੰ ਭੈ ਨੂੰ ਪਰੇ ਸੁਟਣ ਵਾਲਾ ('ਫਿਕੰਨ') ਹੈਂ।੧੫੩। (ਹੇ ਪ੍ਰਭੂ!) ਤੂੰ ਕਲੰਕ ਨੂੰ ਨਸ਼ਟ ਕਰਨ ਵਾਲਾ ਹੈਂ, ਤੂੰ ਸਾਰਿਆਂ ਵਿਚ ਵਸਦਾ ਹੈਂ, ਤੂੰ ਵੈਰੀਆਂ ('ਗਨੀਮ') ਤੋਂ ਨਸ਼ਟ ਹੋਣ ਵਾਲਾ ਨਹੀਂ ਹੈਂ, ਤੂੰ ਸਭ ਨੂੰ ਰੋਜ਼ੀ ਦੇਣ ਵਾਲਾ ਮਿਹਰਬਾਨ ਹੈਂ।੧੫੪। (ਹੇ ਪ੍ਰਭੂ!) ਤੂੰ ਸਾਰਿਆਂ ਦੀ ਬੋਲੀ ਹੈਂ (ਅਰਥਾਤ ਸਭ ਵਿਚ ਤੂੰ ਹੀ ਬੋਲ ਰਿਹਾ ਹੈਂ), ਤੂੰ ਸ਼ੁਭ ਸ਼ਗਨਾਂ ('ਕਿਰਾ') ਦਾ ਸੁਆਮੀ ਹੈਂ, ਤੂੰ ਨਰਕਾਂ ਨੂੰ ਨਸ਼ਟ ਕਰਨ ਵਾਲਾ ਹੈਂ, ਤੂੰ ਬਹਿਸ਼ਤ (ਸੁਅਰਗ) ਵਿਚ ਨਿਵਾਸ ਕਰਦਾ ਹੈਂ।੧੫੫।

(ਹੇ ਪ੍ਰਭੂ!) ਤੂੰ ਸਭ ਵਿਚ ਗਮਨ ਕਰਦਾ ਹੈਂ, ਤੂੰ ਹਮੇਸ਼ਾ (ਸਭ ਵਿਚ) ਵਿਆਪਤ ਹੋਣ ਵਾਲਾ ਹੈਂ, ਤੂੰ ਸਭ ਦੀ ਪਛਾਣ ਰਖਦਾ ਹੈਂ, ਤੂੰ ਸਭ ਦਾ ਪਿਆਰਾ ਹੈਂ।੧੫੬। (ਹੇ ਪ੍ਰਭੂ!) ਤੂੰ ਪਰਮ ਸ੍ਰੇਸ਼ਠ ਸੁਆਮੀ ਹੈਂ, ਤੂੰ ਸਭ ਲਈ ਅਦ੍ਰਿਸ਼ ਹੈਂ, ਤੂੰ ਦੇਸਾਂ ਤੋਂ ਰਹਿਤ ਅਤੇ ਲੇਖੇ ਤੋਂ ਰਹਿਤ ਹੈਂ, ਤੂੰ ਸਦਾ ਭੇਖਾਂ ਤੋਂ ਰਹਿਤ ਹੈਂ।੧੫੭। (ਹੇ ਪ੍ਰਭੂ!) ਤੂੰ ਧਰਤੀ ਅਤੇ ਆਕਾਸ਼ ਵਿਚ ਵਿਆਪਤ ਹੈਂ, ਤੂੰ ਗਹਿਰ ਗੰਭੀਰ ਧਰਮ ਵਾਲਾ ਹੈਂ, ਤੂੰ ਸ੍ਰੇਸ਼ਠ ਕ੍ਰਿਪਾਲੂ ਹੈਂ, ਤੂੰ ਸਾਹਸ ('ਜੁਰਅਤ') ਦਾ ਤੇਜ ਹੈਂ।੧੫੮। (ਹੇ ਪ੍ਰਭੂ!) ਤੂੰ ਅਚਲ ਪ੍ਰਕਾਸ਼ ਵਾਲਾ ਹੈਂ, ਤੂੰ ਅਮਿਤ ਸੁਗੰਧ ਵਾਲਾ ਹੈਂ, ਤੂੰ ਅਦਭੁਤ ਰੂਪ ਵਾਲਾ ਹੈਂ, ਤੂੰ ਅਸੀਮ ਸੰਪੱਤੀ ਵਾਲਾ ਹੈਂ।੧੫੯।

ਕਿ ਅਮਿਤੋ ਪਸਾ ਹੈਂ। ਕਿ ਆਤਮ ਪ੍ਰਭਾ ਹੈਂ।
ਕਿ ਅਚਲੰ ਅਨੰਗ ਹੈਂ। ਕਿ ਅਮਿਤੋ ਅਭੰਗ ਹੈਂ। ੧੧। ੧੬੦।

ਮਧੁਭਾਰ ਛੰਦ। ਤ੍ਵਪ੍ਰਸਾਦਿ

ਮੁਨਿ ਮਨਿ ਪ੍ਰਨਾਮ। ਗੁਨਿ ਗਨ ਮੁਦਾਮ।
ਅਰਿ ਬਰ ਅਗੰਜ। [1]ਹਰਿ ਨਰ ਪ੍ਰਭੰਜ[1]। ੧। ੧੬੧।
ਅਨ ਗਨ ਪ੍ਰਨਾਮ। ਮੁਨਿ ਮਨਿ ਸਲਾਮ।
ਹਰਿ ਨਰ ਅਖੰਡ। ਬਰ ਨਰ ਅਮੰਡ। ੨। ੧੬੨।
ਅਨਭਵ ਅਨਾਸ। ਮੁਨਿ ਮਨਿ ਪ੍ਰਕਾਸ।
ਗੁਨਿ ਗਨ ਪ੍ਰਨਾਮ। ਜਲ ਥਲ ਮੁਦਾਮ। ੩। ੧੬੩।
ਅਨਛਿਜ ਅੰਗ। ਆਸਨ ਅਭੰਗ।
ਉਪਮਾ ਅਪਾਰ। ਗਤਿ ਮਿਤਿ ਉਦਾਰ। ੪। ੧੬੪।
ਜਲ ਥਲ ਅਮੰਡ। ਦਿਸ ਵਿਸ ਅਭੰਡ।
ਜਲ ਥਲ ਮਹੰਤ। ਦਿਸ ਵਿਸ ਬਿਅੰਤ। ੫। ੧੬੫।

ਅਨਭਵ ਅਨਾਸ। ਧ੍ਰਿਤ ਧਰ ਧੁਰਾਸ।
ਆਜਾਨ ਬਾਹੁ। ਏਕੈ ਸਦਾਹੁ। ੬। ੧੬੬।
ਓਅੰਕਾਰ ਆਦਿ। ਕਥਨੀ ਅਨਾਦਿ।
ਖਲ ਖੰਡ ਖਿਆਲ। ਗੁਰ ਬਰ ਅਕਾਲ। ੭। ੧੬੭।

ਘਰਿ ਘਰਿ ਪ੍ਰਨਾਮ। ਚਿਤ ਚਰਨ ਨਾਮ।
ਅਨਛਿਜ ਗਾਤ। ਆਜਿਜ ਨ ਬਾਤ। ੮। ੧੬੮।
ਅਨਝੰਝ ਗਾਤ। ਅਨਰੰਜ ਬਾਤ।
ਅਨਟੁਟ ਭੰਡਾਰ। ਅਨਠਟ ਅਪਾਰ। ੯। ੧੬੯।
ਆਡੀਠ ਧਰਮ। ਅਤਿ ਢੀਠ ਕਰਮ।
ਅਨਬ੍ਰਣ ਅਨੰਤ। ਦਾਤਾ ਮਹੰਤ। ੧੦। ੧੭੦।

ਹਰਿ ਬੋਲ ਮਨਾ ਛੰਦ। ਤ੍ਵਪ੍ਰਸਾਦਿ

ਕਰੁਣਾਲਯ ਹੈਂ। ਅਰਿ ਘਾਲਯ ਹੈਂ।
ਖਲ ਖੰਡਨ ਹੈਂ। ਮਹਿ ਮੰਡਨ ਹੈਂ। ੧। ੧੭੧।
ਜਗਤੇਸ੍ਵਰ ਹੈਂ। ਪਰਮੇਸ੍ਵਰ ਹੈਂ।
ਕਲਿ ਕਾਰਣ ਹੈਂ। ਸਰਬ ਉਬਾਰਣ ਹੈਂ। ੨। ੧੭੨।
ਧ੍ਰਿਤ ਕੇ ਧਰਣ ਹੈਂ। ਜਗ ਕੇ ਕਰਣ ਹੈਂ।
ਮਨ ਮਾਨਿਯ ਹੈਂ। ਜਗ ਜਾਨਿਯ ਹੈਂ। ੩। ੧੭੩।
ਸਰਬੰ ਭਰ ਹੈਂ। ਸਰਬੰ ਕਰ ਹੈਂ।
ਸਰਬ ਪਾਸਿਯ ਹੈਂ। ਸਰਬ ਨਾਸਿਯ ਹੈਂ। ੪। ੧੭੪।

---
੧. 'ਨਰ ਬਰ ਅਭੰਜ'

(ਹੇ ਪ੍ਰਭੂ!) ਤੂੰ ਅਸੀਮ ਪਸਾਰ ਵਾਲਾ ਹੈਂ, ਤੂੰ ਆਪਣੇ ਆਪ ਪ੍ਰਕਾਸ਼ਵਾਨ ਹੈਂ, ਤੂੰ ਅਚਲ ਅਤੇ ਸ਼ਰੀਰ-ਰਹਿਤ ਹੈਂ, ਤੂੰ ਅਨੰਤ ਅਤੇ ਅਵਿਨਾਸ਼ੀ ਹੈਂ।੧੬੦।

ਮਧੁਭਾਰ ਛੰਦ। ਤੇਰੀ ਕ੍ਰਿਪਾ ਨਾਲ

(ਹੇ ਪ੍ਰਭੂ!)ਤੈਨੂੰ ਮੁਨੀ ਮਨ ਵਿਚ ਪ੍ਰਨਾਮ ਕਰਦੇ ਹਨ, ਤੂੰ ਸਦਾ ਗੁਣਾਂ ਦਾ ਸੁਆਮੀ ਹੈ, ਤੂੰ ਵੱਡੇ ਵੈਰੀਆਂ ਲਈ ਵੀ ਅਜਿਤ ਹੈਂ, ਹੇ ਹਰਿ! (ਤੂੰ) ਸਭ ਮਨੁੱਖਾਂ ਨੂੰ ਨਸ਼ਟ ਕਰਨ ਦੇ ਸਮਰਥ ਹੈਂ।੧੬੧। (ਹੇ ਪ੍ਰਭੂ!) ਤੈਨੂੰ ਅਨੇਕ ਜੀਵ ਜੁਹਾਰ ਕਰਦੇ ਹਨ, ਤੈਨੂੰ ਮੁਨੀ ਲੋਕ ਮਨ ਵਿਚ ਪ੍ਰਨਾਮ ਕਰਦੇ ਹਨ, ਹੇ ਹਰਿ! (ਤੂੰ) ਨ ਖੰਡਿਤ ਕੀਤੇ ਜਾ ਸਕਣ ਵਾਲਾ ਨਰ ਸ੍ਰੇਸ਼ਠ ਹੈਂ, ਤੂੰ ਬਿਨਾ ਸਥਾਪਿਤ ਕੀਤੇ ਸ੍ਰੇਸ਼ਠ ਪੁਰਸ਼ ਹੈਂ।੧੬੨। (ਹੇ ਪ੍ਰਭੂ!) ਤੂੰ ਨ ਨਸ਼ਟ ਹੋਣ ਵਾਲੇ ਸੁਤਹ ਗਿਆਨ ਵਾਲਾ ਹੈਂ, ਤੂੰ ਮੁਨੀਆਂ ਦੇ ਮਨ ਦਾ ਪ੍ਰਕਾਸ਼ (ਗਿਆਨ) ਵੀ ਹੈਂ, ਹੇ ਗੁਣਾਂ ਦੇ ਭੰਡਾਰ! (ਤੈਨੂੰ ਮੇਰਾ) ਪ੍ਰਨਾਮ ਹੈ, ਤੂੰ ਜਲ ਥਲ ਵਿਚ ਸਦਾ ਮੌਜੂਦ ਹੈਂ। ੧੬੩। (ਹੇ ਪ੍ਰਭੂ!) ਤੇਰਾ ਸਰੂਪ ਛਿਜਣ ਵਾਲਾ ਨਹੀਂ ਹੈ, ਤੇਰਾ ਆਸਨ ਅਚਲ ਹੈ, ਤੇਰੀ ਉਪਮਾ ਅਪਾਰ ਹੈ, ਤੇਰੀ ਚਾਲ ਅਤੇ ਸੀਮਾ ਅਤਿ ਉਦਾਰ ਹੈ।੧੬੪। (ਹੇ ਪ੍ਰਭੂ!) ਤੂੰ ਜਲ-ਥਲ ਵਿਚ ਸ਼ੋਭਾਇਮਾਨ ਹੈਂ, ਤੂੰ ਦਿਸ਼ਾ-ਵਿਦਿਸ਼ਾ ਵਿਚ ਅਨਿੰਦ ਹੈਂ, ਤੂੰ ਜਲ-ਥਲ ਦਾ ਸੁਆਮੀ ਹੈਂ, ਤੂੰ ਦਿਸ਼ਾ-ਵਿਦਿਸ਼ਾ ਵਿਚ ਬਿਨਾ ਅੰਤ ਦੇ ਹੈਂ।੧੬੫।

(ਹੇ ਪ੍ਰਭੂ!) ਤੇਰਾ ਸੁਤਹ ਗਿਆਨ ਨਸ਼ਟ ਹੋਣ ਵਾਲਾ ਨਹੀਂ, ਤੂੰ ਧੀਰਜ-ਧਾਰੀਆਂ ਦਾ ਧੁਰਾ ਹੈਂ, ਤੂੰ ਦੇਵਤਿਆਂ ਦਾ ਪ੍ਰੇਰਕ ਹੈਂ (ਜਾਂ ਗੋਡਿਆਂ ਤਕ ਲੰਬੀਆਂ ਭੁਜਾਵਾਂ ਵਾਲਾ ਹੈਂ), ਤੂੰ ਸਦਾ ਇਕੋ ਇਕ ਹੈਂ।੧੬੬। (ਹੇ ਪ੍ਰਭੂ!) ਤੂੰ ਆਦਿ ਤੋਂ ਓਅੰਕਾਰ ਸਰੂਪ ਹੈਂ, ਤੇਰਾ ਵਰਣਨ ਕਥਨ ਤੋਂ ਪਰੇ ਹੈ, ਤੂੰ ਫੁਰਨੇ ਵਿਚ ਹੀ ਦੁਸ਼ਟਾਂ ('ਖਲ') ਨੂੰ ਨਸ਼ਟ ਕਰ ਸਕਦਾ ਹੈਂ, ਤੂੰ ਸਭ ਤੋਂ ਵੱਡਾ ਅਤੇ ਕਾਲ ਤੋਂ ਪਰੇ ਹੈਂ।੧੬੭।

(ਹੇ ਪ੍ਰਭੂ!) ਤੈਨੂੰ ਘਰ ਘਰ ਵਿਚ ਪ੍ਰਨਾਮ ਹੁੰਦਾ ਹੈ, (ਹਰ ਇਕ ਜੀਵ ਦੇ) ਚਿੱਤ ਵਿਚ ਤੇਰੇ ਚਰਨਾਂ ਦਾ ਧਿਆਨ ਅਤੇ ਤੇਰੇ ਨਾਮ ਦਾ ਸਿਮਰਨ ਹੈ, ਤੇਰਾ ਸ਼ਰੀਰ ਕਦੇ ਨਾਸ਼ ਹੋਣ ਵਾਲਾ ਨਹੀਂ ਹੈਂ, ਤੂੰ ਕਿਸੇ ਗੱਲ ਲਈ ਵੀ ਅਸਮਰਥ (ਆਜਿਜ਼) ਨਹੀਂ।੧੬੮। (ਹੇ ਪ੍ਰਭੂ!) ਤੂੰ ਅਡੋਲ ਸ਼ਰੀਰ ਵਾਲਾ ਹੈਂ, ਤੂੰ ਕਿਸੇ ਵੀ ਗੱਲ ਤੇ ਕ੍ਰੋਧਿਤ ਨਹੀਂ ਹੁੰਦਾ, ਤੂੰ ਅਮੁਕ ਭੰਡਾਰ ਵਾਲਾ ਹੈਂ, ਤੂੰ ਨ ਸਥਾਪਿਤ ਕੀਤਾ ਜਾ ਸਕਣ ਵਾਲਾ ਅਪਾਰ ਹੈਂ।੧੬੯। (ਹੇ ਪ੍ਰਭੂ!) ਤੂੰ ਅਦ੍ਰਿਸ਼ਟ ਕਰਤੱਵ ('ਧਰਮ') ਵਾਲਾ ਹੈਂ, ਤੇਰੇ ਕਰਮ ਬੜੇ ਦ੍ਰਿੜ੍ਹ ਹਨ, ਤੈਨੂੰ ਕੋਈ ਸਟ ਨਹੀਂ ਮਾਰ ਸਕਦਾ, ਤੂੰ ਅਨੰਤ ਹੈਂ, ਤੂੰ ਮਹਾਨ ਦਾਤਾ ਹੈਂ।੧੭੦।

ਹਰਿ ਬੋਲ ਮਨਾ ਛੰਦ। ਤੇਰੀ ਕ੍ਰਿਪਾ ਨਾਲ

(ਹੇ ਪ੍ਰਭੂ!) ਤੂੰ ਕ੍ਰਿਪਾ ('ਕਰੁਣਾ') ਦਾ ਘਰ ਹੈਂ, ਤੂੰ ਦੁਸ਼ਮਣਾਂ ਦਾ ਨਾਸ਼ ਕਰਨ ਵਾਲਾ ਹੈਂ, ਤੂੰ ਦੁਸ਼ਟਾਂ ਨੂੰ ਮਾਰਨ ਵਾਲਾ ਹੈਂ, ਤੂੰ ਧਰਤੀ ਦਾ ਸ਼ਿੰਗਾਰ ਹੈਂ।੧੭੧। (ਹੇ ਪ੍ਰਭੂ!) ਤੂੰ ਜਗਤ ਦਾ ਸੁਆਮੀ ਹੈਂ, ਤੂੰ ਸ੍ਰੇਸ਼ਠ ਈਸ਼ਵਰ ਹੈਂ, ਤੂੰ ਕਲ-ਕਲੇਸ਼ ਦਾ ਮੂਲ ਕਾਰਨ ਹੈਂ, ਤੂੰ ਸਭ ਨੂੰ ਬਚਾਉਣ ਵਾਲਾ ਹੈਂ।੧੭੨। (ਹੇ ਪ੍ਰਭੂ!) ਤੂੰ ਧਰਤੀ ਨੂੰ ਧਾਰਨ ਕਰਨ ਵਾਲਾ (ਸਹਾਰਾ) ਹੈਂ, ਤੂੰ ਜਗਤ ਦਾ ਕਾਰਨ ਸਰੂਪ ਹੈਂ, ਤੈਨੂੰ ਸਾਰੀ ਸ੍ਰਿਸ਼ਟੀ ਮਨ ਵਿਚ ਮੰਨਦੀ ਹੈ, ਤੂੰ ਜਗਤ ਦੁਆਰਾ ਜਾਣਨ ਯੋਗ ਹੈਂ।੧੭੩। (ਹੇ ਪ੍ਰਭੂ!) ਤੂੰ ਸਭ ਦੀ ਪਾਲਨਾ ਕਰਨ ਵਾਲਾ ਹੈਂ, ਤੂੰ ਸਭ ਦਾ ਕਰਤਾ ਹੈਂ, ਤੂੰ ਸਭ ਦੇ ਕੋਲ ਹੈਂ, ਤੂੰ ਸਭ ਦਾ ਸੰਘਾਰਕ ਵੀ ਹੈਂ।੧੭੪।

ਕਰੁਣਾਕਰ ਹੈਂ। ਬਿਸ੍ਵੰਭਰ ਹੈਂ।
ਸਰਬੇਸ੍ਵਰ ਹੈਂ। ਜਗਤੇਸ੍ਵਰ ਹੈਂ। ੫। ੧੭੫।
ਬ੍ਰਹਮੰਡਸ ਹੈਂ। ਖਲ ਖੰਡਸ ਹੈਂ।
ਪਰ ਤੇ ਪਰ ਹੈਂ। ਕਰੁਣਾਕਰ ਹੈਂ। ੬। ੧੭੬।

ਅਜਪਾ ਜਪ ਹੈਂ। ਅਥਪਾ ਥਪ ਹੈਂ।
ਅਕ੍ਰਿਤਾਕ੍ਰਿਤ ਹੈਂ। ਅਮ੍ਰਿਤਾਮ੍ਰਿਤ ਹੈਂ। ੭। ੧੭੭।
ਅਮ੍ਰਿਤਾਮ੍ਰਿਤ ਹੈਂ। ਕਰੁਣਾ ਕ੍ਰਿਤ ਹੈਂ।
ਅਕ੍ਰਿਤਾਕ੍ਰਿਤ ਹੈਂ। ਧਰਣੀ ਧ੍ਰਿਤ ਹੈਂ। ੮। ੧੭੮।
ਅਮਿਤੇਸ੍ਵਰ ਹੈਂ। ਪਰਮੇਸ੍ਵਰ ਹੈਂ।
ਅਕ੍ਰਿਤਾਕ੍ਰਿਤ ਹੈਂ। ਅਮ੍ਰਿਤਾਮ੍ਰਿਤ ਹੈਂ। ੯। ੧੭੯।
ਅਜਬਾਕ੍ਰਿਤ ਹੈਂ। ਅਮ੍ਰਿਤਾਮ੍ਰਿਤ ਹੈਂ।
ਨਰ ਨਾਇਕ ਹੈਂ। ਖਲ ਘਾਇਕ ਹੈਂ। ੧੦। ੧੮੦।

ਬਿਸ੍ਵੰਭਰ ਹੈਂ। ਕਰੁਣਾਲਯ ਹੈਂ।
ਨ੍ਰਿਪ ਨਾਇਕ ਹੈਂ। ਸਰਬ ਪਾਇਕ ਹੈਂ। ੧੧। ੧੮੧।
ਭਵ ਭੰਜਨ ਹੈਂ। ਅਰਿ ਗੰਜਨ ਹੈਂ।
ਰਿਪੁ ਤਾਪਨ ਹੈਂ। ਜਪੁ ਜਾਪਨ ਹੈਂ। ੧੨। ੧੮੨।
ਅਕਲੰਕ੍ਰਿਤ ਹੈਂ। ਸਰਬਾਕ੍ਰਿਤ ਹੈਂ।
ਕਰਤਾ ਕਰ ਹੈਂ। ਹਰਤਾ ਹਰਿ ਹੈਂ। ੧੩। ੧੮੩।
ਪਰਮਾਤਮ ਹੈਂ। ਸਰਬਾਤਮ ਹੈਂ।
ਆਤਮ ਬਸ ਹੈਂ। ਜਸ ਕੇ ਜਸ ਹੈਂ। ੧੪। ੧੮੪।

ਭੁਜੰਗ ਪ੍ਰਯਾਤ ਛੰਦ

ਨਮੋ ਸੂਰਜ ਸੂਰਜੇ ਨਮੋ ਚੰਦ੍ਰ ਚੰਦ੍ਰੇ।
ਨਮੋ ਰਾਜ ਰਾਜੇ ਨਮੋ ਇੰਦ੍ਰ ਇੰਦ੍ਰੇ।
ਨਮੋ ਅੰਧਕਾਰੇ ਨਮੋ ਤੇਜ ਤੇਜੇ।
ਨਮੋ ਬ੍ਰਿੰਦ ਬ੍ਰਿੰਦੇ ਨਮੋ ਬੀਜ ਬੀਜੇ। ੧। ੧੮੫।

ਨਮੋ ਰਾਜਸੰ ਤਾਮਸੰ ਸਾਂਤਿ ਰੂਪੇ।
ਨਮੋ ਪਰਮ ਤਤੰ ਅਤਤੰ ਸਰੂਪੇ।
ਨਮੋ ਜੋਗ ਜੋਗੇ ਨਮੋ ਗਿਆਨ ਗਿਆਨੇ।
ਨਮੋ ਮੰਤ੍ਰ ਮੰਤ੍ਰੇ ਨਮੋ ਧਿਆਨ ਧਿਆਨੇ।੨।੧੮੬।

ਨਮੋ ਜੁਧ ਜੁਧੇ ਨਮੋ ਗਿਆਨੇ ਗਿਆਨੇ।
ਨਮੋ ਭੋਜ ਭੋਜੇ ਨਮੋ ਪਾਨ ਪਾਨੇ।
ਨਮੋ ਕਲਹ ਕਰਤਾ ਨਮੋ ਸਾਂਤਿ ਰੂਪੇ।
ਨਮੋ ਇੰਦ੍ਰ ਇੰਦ੍ਰੇ ਅਨਾਦੰ ਬਿਭੂਤੇ। ੩। ੧੮੭।

(ਹੇ ਪ੍ਰਭੂ!) ਤੂੰ ਕ੍ਰਿਪਾ ('ਕਰੁਣਾ') ਕਰਨ ਵਾਲਾ ਹੈਂ, ਤੂੰ ਸੰਸਾਰ ਦਾ ਭਰਨ-ਪੋਸ਼ਣ ਕਰਨ ਵਾਲਾ ਹੈਂ, ਤੂੰ ਸਭ ਦਾ ਸੁਆਮੀ ਹੈਂ, ਤੂੰ ਜਗਤ ਦਾ ਈਸ਼ਵਰ (ਮਾਲਕ) ਹੈਂ।੧੭੫। (ਹੇ ਪ੍ਰਭੂ!) ਤੂੰ ਸਾਰੇ ਜਗਤ ਦਾ ਜੀਵਨ-ਰੂਪ ਹੈਂ, ਤੂੰ ਦੁਸ਼ਟਾਂ ਦਾ ਨਾਸ਼ ਕਰਨ ਵਾਲਾ ਹੈਂ, ਤੂੰ ਪਰੇ ਤੋਂ ਪਰੇ ਹੈਂ, ਤੂੰ ਕ੍ਰਿਪਾ ('ਕਰੁਣਾ') ਕਰਨ ਵਾਲਾ ਹੈਂ।੧੭੬।

(ਹੇ ਪ੍ਰਭੂ!) ਤੂੰ ਜਪਾਂ ਤੋਂ ਪਰੇ ਹੈਂ (ਤੈਨੂੰ ਜਪਾਂ ਦੁਆਰਾ ਜਪਿਆ ਨਹੀਂ ਜਾ ਸਕਦਾ), ਤੂੰ ਸਥਾਪਨਾ ਤੋਂ ਪਰੇ ਹੈਂ (ਦੇਵ-ਮੂਰਤੀਆਂ ਵਾਂਗ ਸਥਾਪਿਤ ਨਹੀਂ ਕੀਤਾ ਜਾ ਸਕਦਾ), ਤੂੰ ਕੀਤੇ ਜਾਣ ਤੋਂ ਪਰੇ ਹੈਂ (ਤੈਨੂੰ ਬਣਾਇਆ-ਸਿਰਜਿਆ ਨਹੀਂ ਜਾ ਸਕਦਾ), ਤੂੰ ਮ੍ਰਿਤੂ ਤੋਂ ਪਰੇ ਹੈਂ (ਅਮ੍ਰਿਤ ਹੈਂ)।੧੭੭। (ਹੇ ਪ੍ਰਭੂ!) ਤੂੰ ਅਮਰ ਹੈਂ, ਤੂੰ ਕ੍ਰਿਪਾ ਸਰੂਪ ਹੈਂ, ਤੂੰ ਸਿਰਜਿਆ ਨਹੀਂ ਜਾ ਸਕਦਾ, ਤੂੰ ਧਰਤੀ ਨੂੰ ਧਾਰਨ ਕਰਨ ਵਾਲਾ ਹੈਂ।੧੭੮। (ਹੇ ਪ੍ਰਭੂ!) ਤੂੰ ਅਮਿਤ ਸੀਮਾ ਦਾ ਮਾਲਕ ਹੈਂ, ਤੂੰ ਸ੍ਰੇਸ਼ਠ ਸੁਆਮੀ ਹੈਂ, ਤੇਰਾ ਸਰੂਪ ਬਣਾਇਆ ਨਹੀਂ ਜਾ ਸਕਦਾ, ਤੂੰ ਅਮਰਾਂ ਦਾ ਅਮਰ ਹੈਂ।੧੭੯। (ਹੇ ਪ੍ਰਭੂ!) ਤੂੰ ਅਜੀਬ ਸਰੂਪ ਵਾਲਾ ਹੈਂ, ਤੂੰ ਅਮਰਾਂ ਦਾ ਵੀ ਅਮਰ ਹੈਂ; ਤੂੰ ਮਨੁੱਖਾਂ ਦਾ ਨਾਇਕ ਹੈਂ, ਤੂੰ ਦੁਸ਼ਟਾਂ ਦਾ ਸੰਘਾਰਕ ਹੈਂ।੧੮੦।

(ਹੇ ਪ੍ਰਭੂ!) ਤੂੰ ਸ੍ਰਿਸ਼ਟੀ ਦਾ ਭਰਨ-ਪੋਸ਼ਣ ਕਰਨ ਵਾਲਾ ਹੈਂ, ਤੂੰ ਕ੍ਰਿਪਾ (ਕਰੁਣਾ) ਦਾ ਘਰ ਹੈਂ, ਤੂੰ ਰਾਜਿਆਂ ਦਾ ਸੁਆਮੀ ਹੈਂ, ਤੂੰ ਸਭ ਨੂੰ ਪਾਲਣ ਵਾਲਾ (ਰਖਿਅਕ) ਹੈਂ।੧੮੧। (ਹੇ ਪ੍ਰਭੂ!) ਤੂੰ ਜਨਮ-ਮਰਨ ਦੇ ਚੱਕਰ ਨੂੰ ਨਸ਼ਟ ਕਰਨ ਵਾਲਾ ਹੈਂ, ਤੂੰ ਵੈਰੀਆਂ ਨੂੰ ਮਾਰਨ ਵਾਲਾ ਹੈਂ, ਤੂੰ ਦੁਸ਼ਮਣਾਂ ਨੂੰ ਦੁਖ ਦੇਣ ਵਾਲਾ ਹੈ, ਤੂੰ ਖੁਦ ਆਪਣਾ ਜਪ ਜਪਾਉਣ ਵਾਲਾ ਵੀ ਹੈਂ।੧੮੨। (ਹੇ ਪ੍ਰਭੂ!) ਤੂੰ ਕਲੰਕ-ਰਹਿਤ ਹੈਂ, ਤੂੰ ਸਭ ਦਾ ਕਰਤਾ ਹੈ, ਤੂੰ ਕਰਤਿਆਂ ਦਾ ਵੀ ਕਰਤਾ ਹੈਂ, ਤੂੰ ਮਾਰਨ ਵਾਲਿਆਂ ਦਾ ਵੀ ਮਾਰਨ ਵਾਲਾ ਹੈਂ।੧੮੩। (ਹੇ ਪ੍ਰਭੂ!) ਤੂੰ ਪਾਰਬ੍ਰਹਮ ਹੈਂ, ਤੂੰ ਸਭ ਦੀ ਆਤਮਾ (ਜਾਂ ਸਭ ਵਿਚ ਵਿਆਪਤ) ਹੈਂ, ਤੂੰ ਆਪਣੇ ਹੀ ਵਸ ਵਿਚ ਹੈਂ, ਤੂੰ ਯਸ਼ਾਂ ਦਾ ਵੀ ਯਸ਼ ਹੈਂ।੧੮੪।

ਭੁਜੰਗ ਪ੍ਰਯਾਤ ਛੰਦ

ਹੇ ਸੂਰਜਾਂ ਦੇ ਸੂਰਜ! (ਤੈਨੂੰ) ਨਮਸਕਾਰ ਹੈ; ਹੇ ਚੰਦ੍ਰਮਿਆਂ ਦੇ ਚੰਦ੍ਰਮਾ! (ਤੈਨੂੰ) ਨਮਸਕਾਰ ਹੈ; ਹੇ ਰਾਜਿਆਂ ਦੇ ਰਾਜੇ! (ਤੈਨੂੰ) ਨਮਸਕਾਰ ਹੈ; ਹੇ ਇੰਦਰਾਂ ਦੇ ਇੰਦਰ! (ਤੈਨੂੰ) ਨਮਸਕਾਰ ਹੈ; ਹੇ ਅੰਧਕਾਰ ਸਰੂਪ! (ਤੈਨੂੰ) ਨਮਸਕਾਰ ਹੈ; ਹੇ ਤੇਜਾਂ ਦੇ ਤੇਜ! (ਤੈਨੂੰ) ਨਮਸਕਾਰ ਹੈ; ਹੇ ਸਮੂਹਾਂ ਦੇ ਸਮੂਹ! (ਤੈਨੂੰ) ਨਮਸਕਾਰ ਹੈ; ਹੇ (ਸੂਖਮ) ਬੀਜਾਂ ਦੇ ਬੀਜ! (ਤੈਨੂੰ) ਨਮਸਕਾਰ ਹੈ।੧੮੫।

ਹੇ ਰਜੋ, ਤਮੋ ਅਤੇ ਸਤੋ ਰੂਪ! (ਤੈਨੂੰ) ਨਮਸਕਾਰ ਹੈ; ਹੇ ਪਰਮ ਤੱਤ੍ਵ ਅਤੇ ਪੰਜ ਤੱਤ੍ਵਾਂ ਤੋਂ ਰਹਿਤ ਸਰੂਪ ਵਾਲੇ! (ਤੈਨੂੰ) ਨਮਸਕਾਰ ਹੈ; ਹੇ ਜੋਗਾਂ ਦੇ ਵੀ ਜੋਗ! (ਤੈਨੂੰ) ਨਮਸਕਾਰ ਹੈ; ਹੇ ਗਿਆਨਾਂ ਦੇ ਵੀ ਗਿਆਨ! (ਤੈਨੂੰ) ਨਮਸਕਾਰ ਹੈ, ਹੇ ਮੰਤ੍ਰਾਂ ਦੇ ਵੀ ਮੰਤ੍ਰ! (ਤੈਨੂੰ) ਨਮਸਕਾਰ ਹੈ; ਹੇ ਧਿਆਨਾਂ ਦੇ ਵੀ ਧਿਆਨ! (ਤੈਨੂੰ) ਨਮਸਕਾਰ ਹੈ।੧੮੬।

ਹੇ ਯੁੱਧਾਂ ਦੇ ਯੁੱਧ! (ਤੈਨੂੰ) ਨਮਸਕਾਰ ਹੈ; ਹੇ ਗਿਆਨਾਂ ਦੇ ਵੀ ਗਿਆਨ! (ਤੈਨੂੰ) ਨਮਸਕਾਰ ਹੈ; ਹੇ ਭੋਜਾਂ ਦੇ ਵੀ ਭੋਜ! (ਤੈਨੂੰ) ਨਮਸਕਾਰ ਹੈ; ਤੇ ਪੇਯਾਂ (ਪੀਣਯੋਗ ਪਦਾਰਥ) ਦੇ ਪੇਯ! (ਤੈਨੂੰ) ਨਮਸਕਾਰ ਹੈ; ਹੇ ਕਲਹ ਦੇ ਕਾਰਨ ਸਰੂਪ! (ਤੈਨੂੰ) ਨਮਸਕਾਰ ਹੈ; ਹੇ ਸ਼ਾਂਤੀ-ਸਰੂਪ! (ਤੈਨੂੰ) ਨਮਸਕਾਰ ਹੈ; ਹੇ ਇੰਦਰਾਂ ਦੇ ਵੀ ਇੰਦਰ, (ਤੈਨੂੰ) ਨਮਸਕਾਰ ਹੈ; ਹੇ ਆਦਿ-ਰਹਿਤ ਸੰਪੱਤੀ ਵਾਲੇ! (ਤੈਨੂੰ ਨਮਸਕਾਰ ਹੈ)।੧੮੭।

ਕਲੰਕਾਰ ਰੂਪੇ ਅਲੰਕਾਰ ਅਲੰਕੇ।
ਨਮੋ ਆਸ ਆਸੇ ਨਮੋ ਬਾਕ ਬੰਕੇ।
ਅਭੰਗੀ ਸਰੂਪੇ ਅਨੰਗੀ ਅਨਾਮੇ।
ਤ੍ਰਿਭੰਗੀ ਤ੍ਰਿਕਾਲੇ ਅਨੰਗੀ ਅਕਾਮੇ। ੪। ੧੮੮।

ਏਕ ਅਛਰੀ ਛੰਦ

ਅਜੈ। ਅਲੈ। ਅਭੈ। ਅਬੈ। ੧। ੧੮੯।
ਅਭੂ। ਅਜੂ। ਅਨਾਸ। ਅਕਾਸ। ੨। ੧੯੦।
ਅਗੰਜ। ਅਭੰਜ। ਅਲਖ। ਅਭਖ। ੩। ੧੯੧।
ਅਕਾਲ। ਦਿਆਲ। ਅਲੇਖ। ਅਭੇਖ। ੪। ੧੯੨।

ਅਨਾਮ। ਅਕਾਮ। ਅਗਾਹ। ਅਢਾਹ। ੫। ੧੯੩।
ਅਨਾਥੇ। ਪ੍ਰਮਾਥੇ। ਅਜੋਨੀ। ਅਮੋਨੀ। ੬। ੧੯੪।
ਨ ਰਾਗੇ। ਨ ਰੰਗੇ। ਨ ਰੂਪੇ। ਨ ਰੇਖੇ। ੭। ੧੯੫।
ਅਕਰਮੰ। ਅਭਰਮੰ। ਅਗੰਜੇ। ਅਲੇਖੇ। ੮। ੧੯੬।

ਭੁਜੰਗ ਪ੍ਰਯਾਤ ਛੰਦ

ਨਮਸਤੁਲ ਪ੍ਰਨਾਮੇ ਸਮਸਤੁਲ ਪ੍ਰਣਾਸੇ।
ਅਗੰਜੁਲ ਅਨਾਮੇ ਸਮਸਤੁਲ ਨਿਵਾਸੇ।
ਨਿਰਕਾਮੰ ਬਿਭੂਤੇ ਸਮਸਤੁਲ ਸਰੂਪੇ।
ਕੁਕਰਮੰ ਪ੍ਰਣਾਸੀ ਸੁਧਰਮੰ ਬਿਭੂਤੇ। ੧। ੧੯੭।

ਸਦਾ ਸਚਿਦਾਨੰਦ ਸਤ੍ਰੰ ਪ੍ਰਣਾਸੀ।
ਕਰੀਮੁਲ ਕੁਨਿੰਦਾ ਸਮਸਤੁਲ ਨਿਵਾਸੀ।
ਅਜਾਇਬ ਬਿਭੂਤੇ ਗਜਾਇਬ ਗਨੀਮੇ।
ਹਰੀਅੰ ਕਰੀਅੰ ਕਰੀਮੁਲ ਰਹੀਮੇ। ੨। ੧੯੮।

ਚਤ੍ਰ ਚਕ੍ਰ ਵਰਤੀ ਚਤ੍ਰ ਚਕ੍ਰ ਭੁਗਤੇ।
ਸੁਯੰਭਵ ਸੁਭੰ ਸਰਬਦਾ ਸਰਬ ਜੁਗਤੇ।
ਦੁਕਾਲੰ ਪ੍ਰਣਾਸੀ ਦਿਆਲੰ ਸਰੂਪੇ।
ਸਦਾ ਅੰਗ ਸੰਗੇ ਅਭੰਗੰ ਬਿਭੂਤੇ। ੩ । ੧੯੯।[1]

---

੧. ਇਸ ਬਾਣੀ ਦੀ ਛੰਦ-ਸੰਖਿਆ ਵਿਚ ਪਿਛੇ ਦਸੇ ਗਏ ਵਾਧੇ ਘਾਟੇ ਕਾਰਨ ਕਈ ਬੀੜਾਂ ਵਿਚ ਕੁਲ ਗਿਣਤੀ ੧੯੬ ਅਤੇ ਕਈਆਂ ਵਿਚ ੧੯੮ ਦਿੱਤੀ ਹੈ

ਹੇ ਦੋਸ਼ਾਂ ਤੋਂ ਮੁਕਤ ਰੂਪ ਵਾਲੇ! (ਤੈਨੂੰ ਨਮਸਕਾਰ ਹੈ), ਹੇ ਸ਼ਿੰਗਾਰਾਂ ਦੇ ਵੀ ਸ਼ਿੰਗਾਰ! (ਤੈਨੂੰ ਨਮਸਕਾਰ ਹੈ); ਹੇ ਮੁਖਾਂ ਦੇ ਵੀ ਮੁਖ (ਜਾਂ ਆਸ਼ਾਵਾਂ ਦੇ ਵੀ ਆਸ਼ਯ); (ਤੈਨੂੰ) ਨਮਸਕਾਰ ਹੈ; ਹੇ ਬਾਣੀ ('ਬਾਕ') ਦੇ ਵੀ ਸ਼ਿੰਗਾਰ! (ਤੈਨੂੰ) ਨਮਸਕਾਰ ਹੈ। ਹੇ ਨਾਸ਼-ਰਹਿਤ ਰੂਪ ਵਾਲੇ! ਹੇ ਨਿਰਾਕਾਰ ਅਤੇ ਨਾਮ-ਰਹਿਤ ਰੂਪ ਵਾਲੇ! (ਤੈਨੂੰ ਨਮਸਕਾਰ ਹੈ); ਹੇ ਤਿੰਨਾਂ ਲੋਕਾਂ ਨੂੰ ਤਿੰਨਾਂ ਕਾਲਾਂ ਵਿਚ ਨਸ਼ਟ ਕਰਨ ਵਾਲੇ! ਹੇ ਦੇਹ-ਰਹਿਤ! ਹੇ ਕਾਮਨਾਵਾਂ ਤੋਂ ਮੁਕਤ! (ਤੈਨੂੰ ਨਮਸਕਾਰ ਹੈ)।੧੮੮।

ਏਕ ਅਛਰੀ ਛੰਦ

(ਹੇ ਪ੍ਰਭੂ! ਤੂੰ) ਅਜਿਤ, ਅਵਿਨਾਸ਼ੀ, ਨਿਰਭੈ ਅਤੇ ਕਾਲ ਦੇ ਪ੍ਰਭਾਵ ਤੋਂ ਪਰੇ ਹੈਂ।੧੮੯। (ਹੇ ਪ੍ਰਭੂ! ਤੂੰ) ਅਜਨਮਾ, ਅਜੂਨੀ, ਨਾਸ਼-ਰਹਿਤ, ਸੋਗ ('ਕਾਸ') ਰਹਿਤ ਹੈਂ।੧੯੦। (ਹੇ ਪ੍ਰਭੂ! ਤੂੰ) ਨ ਨਸ਼ਟ ਹੋਣ ਵਾਲਾ, ਨ ਟੁੱਟਣ ਵਾਲਾ, ਨ ਜਾਣਿਆ ਜਾ ਸਕਣ ਵਾਲਾ ਅਤੇ ਖਾਣ ਦੀ ਲੋੜ ਤੋਂ ਮੁਕਤ ਹੈਂ।੧੯੧। (ਹੇ ਪ੍ਰਭੂ! ਤੂੰ) ਕਾਲ-ਰਹਿਤ, ਦਿਆਲੂ, ਲੇਖੇ ਤੋਂ ਰਹਿਤ ਅਤੇ ਭੇਖ ਤੋਂ ਰਹਿਤ ਹੈਂ।੧੯੨।

(ਹੇ ਪ੍ਰਭੂ! ਤੂੰ) ਨਾਮ-ਰਹਿਤ, ਕਾਮਨਾ-ਰਹਿਤ, ਥਾਹ-ਰਹਿਤ ਅਤੇ ਅਪਰ ਅਪਾਰ ਹੈਂ।੧੯੩। (ਹੇ ਪ੍ਰਭੂ! ਤੂੰ) ਸੁਆਮੀ-ਰਹਿਤ, ਨਾਸ਼ਕ-ਰਹਿਤ, ਜੂਨ-ਰਹਿਤ ਅਤੇ ਮੋਨ-ਰਹਿਤ ਹੈਂ।੧੯੪। (ਹੇ ਪ੍ਰਭੂ! ਤੂੰ) ਮੋਹ-ਰਹਿਤ, ਰੰਗ-ਰੂਪ-ਰੇਖ ਤੋਂ ਪਰੇ ਹੈਂ।੧੯੫। (ਹੇ ਪ੍ਰਭੂ! ਤੂੰ) ਕਰਮਾਂ ਅਤੇ ਭਰਮਾਂ ਤੋਂ ਰਹਿਤ ਹੈਂ, ਨਾਸ਼ ਅਤੇ ਲੇਖੇ ਤੋਂ ਪਰੇ ਹੈਂ।੧੯੬।

ਭੁਜੰਗ ਪ੍ਰਯਾਤ ਛੰਦ

ਸਭਨਾਂ ਦੁਆਰਾ ਨਮਸਕਾਰੇ ਜਾਣ ਵਾਲੇ (ਉਸ ਪ੍ਰਭੂ ਨੂੰ) ਮੇਰਾ ਪ੍ਰਨਾਮ ਹੈ, ਜੋ ਸਭ ਦਾ ਸੰਘਾਰਕ ਹੈ, ਨਾਸ਼ ਤੋਂ ਪਰੇ ਹੈ, ਨਾਮ ਤੋਂ ਰਹਿਤ ਹੈ ਅਤੇ ਸਭ ਵਿਚ ਵਸਦਾ ਹੈ। ਕਾਮਨਾਵਾਂ ਤੋਂ ਰਹਿਤ ਸੰਪੱਤੀ ਵਾਲੇ ਅਤੇ ਸਾਰਿਆਂ ਦੇ ਸਰੂਪ ਵਾਲੇ (ਪ੍ਰਭੂ ਨੂੰ ਮੇਰਾ ਪ੍ਰਨਾਮ ਹੈ)। ਉਹ ਕੁਕਰਮਾਂ ਨੂੰ ਨਸ਼ਟ ਕਰਨ ਵਾਲਾ ਅਤੇ ਸ਼ੁਭ ਧਰਮ ਨੂੰ ਸੁਸਜਿਤ ਕਰਨ ਵਾਲਾ ਹੈ।੧੯੭।

(ਹੇ ਪ੍ਰਭੂ! ਤੂੰ) ਸਦਾ ਚੇਤਨ ਅਤੇ ਆਨੰਦ-ਸਰੂਪ ਹੈਂ ਅਤੇ ਵੈਰੀਆਂ ਨੂੰ ਨਸ਼ਟ ਕਰਨ ਵਾਲਾ ਹੈਂ। (ਤੂੰ) ਮਿਹਰ ਕਰਨ ਵਾਲਾ, ਕਰਨਹਾਰ ਅਤੇ ਸਭ ਵਿਚ ਨਿਵਾਸ ਕਰਨ ਵਾਲਾ ਹੈਂ। (ਤੂੰ) ਅਦਭੁਤ ਸੰਪੱਤੀ ਵਾਲਾ, ਦੁਸ਼ਮਣਾਂ ਉਤੇ ਕਹਿਰ ਢਾਉਣ ਵਾਲਾ, ਨਾਸ਼ ਕਰਨ ਵਾਲਾ, ਸਿਰਜਨ ਵਾਲਾ, ਕ੍ਰਿਪਾ ਕਰਨ ਵਾਲਾ ਅਤੇ ਦਇਆ ਕਰਨ ਵਾਲਾ ਹੈਂ।੧੯੮।

ਚੌਹਾਂ ਚੱਕਾਂ ਵਿਚ ਵਿਚਰਨ ਵਾਲਾ, ਚੌਹਾਂ ਚੱਕਾਂ ਨੂੰ ਭੋਗਣ ਵਾਲਾ, ਆਪਣੇ ਆਪ ਸ਼ੋਭਾਇਮਾਨ ਹੋਣ ਵਾਲਾ, ਸਦਾ ਹੀ ਸਭ ਨਾਲ ਸੰਯੁਕਤ ਰਹਿਣ ਵਾਲਾ ਹੈਂ; ਬੁਰੇ ਸਮੇਂ ਨੂੰ ਨਸ਼ਟ ਕਰਨ ਵਾਲਾ ਅਤੇ ਦਿਆਲੂ ਸਰੂਪ ਵਾਲਾ ਹੈਂ; (ਤੂੰ) ਸਦਾ ਅੰਗ-ਸੰਗ ਰਹਿੰਦਾ ਹੈਂ ਅਤੇ ਨ ਨਸ਼ਟ ਹੋਣ ਵਾਲੀ ਸੰਪੱਤੀ ਬਖ਼ਸ਼ਦਾ ਹੈਂ।੧੯੯।